# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਧਰਮ ਅਧਿਐਨ) ਸਮੈਸਟਰ ਦੂਜਾ

ਪੇਪਰ : ਭਾਰਤੀ ਧਰਮ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

**ਬੁਧ ਮਤ ਅਤੇ ਧਰਮ ਸੰਸਕਾਰ**


| | | |
|---|---|---|
| 2.1 (ਏ) | : | ਭਗਵਾਨ ਬੁੱਧ : ਜੀਵਨ ਅਤੇ ਸਿੱਖਿਆਵਾਂ |
| 2.1 (ਬੀ) | : | ਅਸ਼ਟਾਗ ਮਾਰਗ |
| 2.2 (ਏ) | : | ਚਾਰ ਆਰਯ ਸੱਚ |
| 2.2 (ਬੀ) | : | ਧਰਮ ਸੰਸਕਾਰ |
| 2.3 | : | ਜਨਮ ਸੰਸਕਾਰ ਅਤੇ ਧਰਮ ਪ੍ਰਵੇਸ਼ ਸੰਸਕਾਰ |
| 2.4 | : | ਮ੍ਰਿਤੂ ਸੰਸਕਾਰ |


**Department website : www.pbidde.org**

ਪਾਠ ਨੰ. : **2.1 (A)**

# ਭਗਵਾਨ ਬੁੱਧ ਦਾ ਜੀਵਨ ਅਤੇ ਸਿੱਖਿਆਵਾਂ

ਰੂਪ-ਰੇਖਾ:

2.1.1 ਉਦੇਸ਼
2.1.2 ਭੂਮਿਕਾ
2.1.3 ਜਨਮ
2.1.4 ਨਾਮਕਰਨ
2.1.5 ਬਚਪਨ ਵਿੱਚ ਵਾਪਰੀਆਂ ਘਟਨਾਵਾਂ
2.1.6 ਵਿਆਹ
2.1.7 ਸੰਨਿਆਸ ਅਤੇ ਗਿਆਨ ਪ੍ਰਾਪਤੀ
2.1.8 ਸਿੱਖਿਆਵਾਂ
2.1.9 ਸਿੱਟਾ
2.1.10 ਅਭਿਆਸ ਲਈ ਪ੍ਰਸ਼ਨ
2.1.11 ਸਹਾਇਕ ਪੁਸਤਕਾਂ

## 2.1.1 ਉਦੇਸ਼:

ਵਿਦਿਆਰਥੀਆਂ ਨੂੰ ਬੁੱਧ ਧਰਮ ਦੇ ਸੰਸਥਾਪਕ ਗੌਤਮ ਬੁੱਧ ਦੇ ਜੀਵਨ ਬਾਰੇ ਜਾਣਕਾਰੀ ਦੇਣਾ ਹੀ ਇਸ ਅਧਿਆਇ ਦਾ ਮੁੱਖ ਉਦੇਸ਼ ਹੈ। ਬੁੱਧ ਦੇ ਬਚਪਨ, ਗ੍ਰਹਿਸਤ, ਘਰ ਤਿਆਗ, ਤਪ ਅਤੇ ਗਿਆਨ ਪ੍ਰਾਪਤੀ ਬਾਰੇ ਵਿਚਾਰ ਕੀਤੀ ਜਾਵੇਗੀ ਤਾਂ ਜੋ ਬੁੱਧ ਦੇ ਜੀਵਨ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਹੋ ਸਕੇ।

## 2.1.2 ਭੂਮਿਕਾ

ਸੰਸਾਰ ਵਿਚ ਸਮੇਂ ਸਮੇਂ ਕਈ ਮਹਾਂ ਪੁਰਖਾਂ, ਸੰਤਾਂ, ਭਗਤਾਂ, ਵਿਦਵਾਨਾਂ ਅਤੇ ਤਪੱਸਵੀਆਂ ਨੇ ਜਨਮ ਲਿਆ ਇਹਨਾਂ ਵਿਚੋਂ ਗੌਤਮ ਬੁੱਧ ਇਕ ਸਨ। ਘਰ ਦੇ ਸੁਖ-ਆਰਾਮ, ਮਹਿਲ ਮਾੜੀਆਂ, ਧਨ, ਦੌਲਤ, ਔਰਤ, ਬੱਚਾ ਸਭ ਤਿਆਗ ਕੇ ਸੱਚ ਦੀ ਭਾਲ ਲਈ ਨਿਕਲੇ ਤੇ ਪਰਮ ਪਦ ਦੀ ਪ੍ਰਾਪਤੀ ਕੀਤੀ ਤੇ ਭਾਰਤ ਵਿਚ ਬੁੱਧ ਧਰਮ ਦੀ ਨੀਂਹ ਰੱਖੀ। ਉਸ ਦੇ ਚੇਲੇ ਬੋਧੀ ਅਖਵਾਏ। ਭਾਵੇਂ ਬੁੱਧ ਧਰਮ ਭਾਰਤ ਦੇ ਪੁਰਾਤਨ ਧਰਮਾਂ ਵਿਚੋਂ ਇਕ ਹੈ ਪਰ ਬੁੱਧ ਧਰਮ ਤੋਂ ਪਹਿਲਾਂ ਭਾਰਤ ਵਿਚ ਵੈਦਿਕ ਵਿਚਾਰਧਾਰਾ ਪ੍ਰਚਲਿਤ ਸੀ ਤੇ ਵੈਦਿਕ ਵਿਚਾਰਧਾਰਾ ਦੇ ਸਮੇਂ ਦਾ ਸਮਾਜ ਚਾਰ ਪ੍ਰਮੁੱਖ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ। ਸਭ ਤੋਂ ਉੱਤੇ ਬ੍ਰਾਹਮਣ ਜਮਾਤ ਸੀ, ਜਿਸ ਦਾ ਕੰਮ ਪਰਮਾਤਮਾ ਦੀ ਪੂਜਾ, ਧਾਰਮਿਕ ਸੰਸਕਾਰ ਪੂਰੇ ਕਰਨਾ ਤੇ ਵਿਦਿਆ ਪੜ੍ਹਨਾ, ਪੜ੍ਹਾਉਣਾ ਸੀ। ਧਾਰਮਿਕ ਗ੍ਰੰਥਾਂ ਤੇ ਕੇਵਲ ਇਹਨਾਂ ਦਾ ਹੀ ਅਧਿਕਾਰ ਸੀ। ਦੂਜੀ ਸ਼੍ਰੇਣੀ ਕੱਸ਼ਤਰੀ ਸਨ, ਜਿਹਨਾਂ ਦੇ ਮੋਢਿਆਂ ਤੇ ਦੇਸ਼ ਦੀ ਰੱਖਿਆ ਦਾ ਭਾਰ ਸੀ। ਰੱਖਿਆ ਕਰਨਾ ਤੇ ਰਾਜ

ਭਾਗ ਸੰਭਾਲਣਾ ਇਹਨਾਂ ਦਾ ਮੁੱਖ ਕਿੱਤਾ ਸੀ। ਤੀਜੀ ਸ਼੍ਰੇਣੀ ਵਿਚ ਵੈਸ਼ ਸਨ, ਜਿਹਨਾਂ ਦਾ ਕੰਮ ਖੇਤੀਬਾੜੀ ਤੇ ਵਪਾਰ ਕਰਕੇ ਆਪਣਾ ਜੀਵਨ ਨਿਰਬਾਹ ਚਲਾਉਣਾ ਸੀ। ਇਹ ਲੋਕ ਮਿਹਨਤੀ ਸਨ। ਉਪਰਲੀਆਂ ਜਮਾਤਾਂ ਲਈ ਅੰਨ ਪੈਦਾ ਕਰਨਾ ਇਹਨਾਂ ਦਾ ਧਰਮ ਸੀ। ਚੌਥੀ ਸ਼੍ਰੇਣੀ ਸ਼ੂਦਰ ਦੀ ਸੀ, ਜਿਸ ਦਾ ਕੰਮ ਉਪਰਲੀਆਂ ਤਿੰਨੇ ਸ਼੍ਰੇਣੀਆਂ ਦੀ ਸੇਵਾ ਕਰਨਾ ਸੀ ਪਰ ਇਸ ਦੇ ਬਾਵਜੂਦ ਉਪਰਲੀਆਂ ਸ਼੍ਰੇਣੀਆਂ ਦੇ ਲੋਕ ਇਹਨਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਸਨ। ਸੋ ਭਾਰਤਵਰਸ਼ ਦੀ ਅਜਿਹੀ ਦਸ਼ਾ ਵਿਚ ਭਗਵਾਨ ਬੁੱਧ ਨੇ ਜਨਮ ਧਾਰਿਆ।

ਜਦੋਂ ਕੋਈ ਧਰਮ ਕੱਟੜਤਾ ਤੇ ਰੂੜੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਵਿਰੁੱਧ ਕ੍ਰਾਂਤੀ ਉਠਣੀ ਕੁਦਰਤੀ ਹੈ। ਵੈਦਿਕ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹੋਣ ਕਾਰਨ ਆਮ ਲੋਕਾਂ ਦੀ ਸਮਝ ਤੋਂ ਬਾਹਰ ਸਨ। ਸਿੱਟੇ ਵਜੋਂ ਇਹ ਬ੍ਰਾਹਮਣਾਂ ਤੱਕ ਹੀ ਸੀਮਿਤ ਹੋ ਗਏ ਸਨ। ਸੰਸਕ੍ਰਿਤ ਨੂੰ ਦੇਵ-ਭਾਸ਼ਾ ਸਮਝਿਆ ਜਾਂਦਾ ਸੀ। ਦੇਵਤਿਆਂ ਨੂੰ ਖੁਸ਼ ਕਰਨ ਲਈ ਯੱਗ, ਹਵਨ ਤੇ ਪਸ਼ੂ ਬਲੀ ਦਿੱਤੀ ਜਾਂਦੀ ਸੀ। ਮਹਾਤਮਾ ਬੁੱਧ ਦਾ ਜਨਮ ਪ੍ਰਾਚੀਨ ਭਾਰਤ ਵਿਚ ਪ੍ਰਚਲਿਤ ਰੂੜ੍ਹੀਆਂ ਵਿਰੁੱਧ ਇਕ ਕਿਸਮ ਦੀ ਵੰਗਾਰ ਸੀ ਜਿਸ ਨੇ ਸੰਸਕ੍ਰਿਤ ਦੀ ਪ੍ਰਮਾਣਿਕਤਾ ਵਰਣ ਆਸ਼ਰਮ ਤੇ ਬ੍ਰਾਹਮਣਾਂ ਦੁਆਰਾ ਕੀਤੀ ਜਾਂਦੀ ਲੁੱਟ-ਖਸੁੱਟ ਆਦਿ ਤੇ ਤਿੱਖੇ ਹਮਲੇ ਕੀਤੇ। ਇਸ ਕਰਕੇ ਬੁੱਧ ਦੀ ਪਰੰਪਰਾ ਪੁਰਾਤਨ ਵੈਦਿਕ ਆਰੀਆ ਤੋਂ ਸੁਤੰਤਰ ਤੇ ਅਵੈਦਿਕ ਸ਼ਰਮਣ ਪਰੰਪਰਾ ਮੰਨੀ ਜਾਂਦੀ ਹੈ।

ਬੁੱਧ ਦੇ ਉਪਦੇਸ਼ ਇੰਨੇ ਸ਼ਕਤੀਸ਼ਾਲੀ ਸਨ ਕਿ ਇਹਨਾਂ ਨੂੰ ਸਿੰਘ-ਨਾਦ (ਭਾਵ ਸ਼ੇਰ ਦੀ ਗਰਜ) ਕਿਹਾ ਜਾਂਦਾ ਹੈ। ਸਮਰਾਟ ਅਸ਼ੋਕ ਦੁਆਰਾ ਬਣਾਏ ਹੋਏ ਸਤੰਭ ਉਤੇ ਚਾਰ ਗਰਜਦੇ ਸ਼ੇਰ ਭਗਵਾਨ ਬੁੱਧ ਦੇ ਚਾਰੋਂ ਦਿਸ਼ਾਵਾਂ ਵਲ ਗਰਜ ਤੇ ਜਿੱਤ ਦੇ ਪ੍ਰਤੀਕ ਹਨ। ਇਹ ਨਿਸ਼ਾਨ ਅੱਜ ਵੀ ਭਾਰਤ ਦਾ ਰਾਸ਼ਟਰੀ ਨਿਸ਼ਾਨ ਹੈ, ਜੋ ਨੋਟਾਂ ਅਤੇ ਸਿੱਕਿਆਂ ਉੱਤੇ ਉਕਰਿਆ ਹੋਇਆ ਹੈ। ਸਤੰਭ ਦਾ ਗੋਲ ਚੱਕਰ (ਧਰਮ ਦਾ ਪਹੀਆ) ਭਾਰਤੀ ਕਰੰਸੀ ਵਿਚ ਸੁਸ਼ੋਭਿਤ ਹੈ, ਇਨਸਾਫ਼ ਦਾ ਪ੍ਰਤੀਕ ਹੈ, ਜੋ ਅੱਜ ਤੱਕ ਭਾਰਤੀ ਲੋਕਾਂ ਦੀ ਰਹਿਨੁਮਾਈ ਕਰਦਾ ਆ ਰਿਹਾ ਹੈ ਅਤੇ ਸਾਡੇ ਬੋਧੀ ਵਿਰਸੇ ਦੀ ਯਾਦ ਦਵਾਉਂਦਾ ਹੈ।

### 2.1.3 ਜਨਮ

ਇਸ ਮਹਾਨ ਤਪੱਸਵੀ ਦਾ ਜਨਮ ਈਸਾ ਤੋਂ 560 ਸਾਲ ਪਹਿਲਾਂ ਲੁੰਬਨੀ (Lumbini) ਨਾਂ ਦੇ ਜੰਗਲ ਵਿਚ ਹੋਇਆ ਜੋ ਹਿਮਾਲਾ ਦੀਆਂ ਜੜ੍ਹਾਂ ਵਿਚ ਕਪਲਵਸਤੂ ਰਿਆਸਤ ਨੇੜੇ ਸੀ। ਇਥੇ ਸ਼ਾਕੀਆਂ ਨਾਂ ਦੀ ਕੌਮ ਰਹਿੰਦੀ ਸੀ ਜੋ ਖੱਤਰੀ ਜਾਤੀ ਨਾਲ ਸਬੰਧ ਰੱਖਦੀ ਸੀ। ਕਪਲਵਸਤੂ, ਰਾਜਾ ਸ਼ੁਧੋਧਨ ਦੀ ਰਾਜਧਾਨੀ ਸੀ, ਜੋ ਇਸ ਰਿਆਸਤ ਤੇ ਰਾਜ ਕਰਦਾ ਸੀ। ਰਾਜਕੁਮਾਰ ਸਿਧਾਰਥ ਦੇ ਪਿਤਾ ਸ਼ੁਧੋਧਨ ਤੇ ਮਾਤਾ ਮਹਾਂਮਾਯਾ ਸੀ। ਮਹਾਂਮਾਯਾ ਦਾ ਪਿਤਾ ਰਾਜਾ ਦੇਵਦਾਹਾ ਸੀ ਜੋ ਕੋਲੀਆ (Kolyia) ਰਿਆਸਤ ਤੇ ਰਾਜ ਕਰਦਾ ਸੀ। ਰਿਵਾਜ ਅਨੁਸਾਰ ਇਸਤਰੀ ਪਹਿਲੇ ਬੱਚੇ ਦੇ ਜਨਮ ਸਮੇਂ ਪੇਕੇ ਚਲੀ ਜਾਂਦੀ ਸੀ। ਮਾਤਾ ਮਹਾਂਮਾਯਾ ਨੇ ਪਹਿਲੇ ਬੱਚੇ ਦੇ ਜਨਮ ਕਪਲਵਸਤੂ ਤੋਂ ਪਿਤਾ ਦੇ ਸ਼ਹਿਰ ਕੋਲੀਆ (Kolyia) ਵੱਲ ਚਾਲੇ ਪਾਏ। ਪਰ ਜੋ ਕੁਦਰਤ ਨੂੰ ਮਨਜ਼ੂਰ ਹੋਵੇ ਉਹ ਹੀ ਹੁੰਦਾ ਹੈ। ਰਸਤੇ ਵਿਚ ਸਾਲ੍ਹ ਦੇ ਸੰਘਣੇ ਜੰਗਲਾਂ ਵਿਚ ਫੁਲਾਂ ਦੀ ਖੁਸ਼ਬੋ ਭਰੇ ਵਾਤਾਵਰਣ ਵਿਚ ਪਾਲੀ ਗ੍ਰੰਥਾਂ ਅਨੁਸਾਰ ਵੈਸਾਖ ਦੀ ਪੂਰਨਮਾਸ਼ੀ ਦੇ ਦਿਨ ਬਾਲਕ ਦਾ ਜਨਮ ਹੋਇਆ। ਕਿਉਂਕਿ ਜੀਵਨ ਵਿਚ ਉਸ ਨੇ ਮਹਿਲ ਤਿਆਗਣੇ ਸਨ ਸ਼ਾਇਦ ਇਸ ਲਈ ਕੁਦਰਤ ਨੇ ਉਸ ਦਾ ਜਨਮ ਸਥਾਨ ਵੀ ਮਹਿਲਾਂ ਦੀ ਥਾਂ ਜੰਗਲ ਬੀਆਬਾਨ ਹੀ ਚੁਣਿਆ। ਹੁਣ ਅੱਗੇ ਪਿਤਾ ਦੇ ਸ਼ਹਿਰ ਜਾਣ ਦਾ ਕੋਈ ਉਦੇਸ਼ ਨਹੀਂ ਸੀ ਰਹਿ ਜਾਂਦਾ। ਇਸ ਲਈ ਇਥੋਂ ਹੀ ਉਹ ਵਾਪਸ ਕਪਿਲਵਸਤੂ ਆ ਗਏ।

### 2.1.4 ਨਾਮਕਰਨ

ਬਾਲਕ ਦੇ ਨਾਮਕਰਨ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਪਿਤਾ ਵਲੋਂ ਉਸ ਵੇਲੇ ਦਾ ਪ੍ਰਸਿੱਧ ਜੋਤਸ਼ੀ ਆਸਿਤ ਕਪਲਵਸਤੂ ਬੁਲਾਇਆ ਗਿਆ ਤੇ ਰਾਜੇ ਵਲੋਂ ਉਸ ਦਾ ਬਹੁਤ ਸਤਿਕਾਰ ਕੀਤਾ ਗਿਆ। ਜੋਤਸ਼ੀ ਨੇ ਬਾਲਕ ਦੇ ਦਰਸ਼ਨ ਕਰਨੇ ਚਾਹੇ। ਜਦੋਂ ਜੋਤਸ਼ੀ ਨੂੰ ਬਾਲਕ ਪਾਸ ਲਿਜਾਇਆ ਗਿਆ ਤਾਂ ਜੋਤਸ਼ੀ ਬਾਲਕ ਨੂੰ ਦੇਖ ਕੇ ਹੈਰਾਨ ਹੋ ਗਿਆ। ਉਸ ਨੂੰ ਤਾਂ ਪਰਮਾਤਮਾ ਦੇ ਦਰਸ਼ਨ ਹੋ ਗਏ। ਬੱਚੇ ਦਾ ਮੁਖ ਦੇਖਦੇ ਸਾਰ ਜੋਤਸ਼ੀ ਦੀਆਂ ਅੱਖਾਂ ਵਿਚੋਂ ਅੱਥਰੂ ਡਿਗਣ ਲੱਗ ਪਏ। ਰਾਜੇ ਨੇ ਹੈਰਾਨ ਹੋ ਕੇ ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਜੋਤਸ਼ੀ ਨੇ ਦੱਸਿਆ ਕਿ ਇਹ ਹੰਝੂ ਖੁਸ਼ੀ ਅਤੇ ਗਮੀ ਦੋਹਾਂ ਦੇ ਹਨ। ਖੁਸ਼ੀ ਇਸ ਗੱਲ ਦੀ ਹੈ ਕਿ ਮਨੁੱਖਤਾ ਦਾ ਰਖਵਾਲਾ ਤੇ ਸੱਚਾ ਹਮਦਰਦ ਪੈਦਾ ਹੋਇਆ ਹੈ। ਗਮੀਂ ਇਸ ਗੱਲ ਦੀ ਹੈ ਕਿ ਮੈਂ ਤੇ ਤੁਸੀਂ ਉਹ ਦਿਨ ਦੇਖਣ ਲਈ ਜਿਉਂਦੇ ਨਹੀਂ ਹੋਵਾਂਗੇ ਜਦੋਂ ਸਾਰੇ ਸੰਸਾਰ ਵਿਚ ਰਾਜਕੁਮਾਰ ਦੀ ਜੈ-ਜੈ ਕਾਰ ਹੋਵੇਗੀ। ਜੋਤਸ਼ੀ ਨੇ ਹੀ ਬੱਚੇ ਦਾ ਨਾਂ ਸਿਧਾਰਥ ਰੱਖਿਆ। ਸਿਧਾਰਥ ਦਾ ਅਰਥ ਹੈ ਜਿਸ ਨੇ ਆਪਣੀ, ਮੰਜ਼ਲ ਤੈਅ ਕਰ ਲਈ ਹੋਵੇ।

ਬਾਲਕ ਦੇ ਜਨਮ ਤੋਂ ਕੁਝ ਦਿਨ ਪਿਛੋਂ ਹੀ ਮਾਤਾ ਮਹਾਂਮਾਯਾਂ ਪਰਲੋਕ ਸਿਧਾਰ ਗਈ। ਸਿਧਾਰਥ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਮਾਸੀ ਪ੍ਰਜਾਪਤੀ ਗੋਤਮੀ ਨੇ ਸੰਭਾਲੀ, ਜਿਸ ਨੂੰ ਰਾਜੇ ਸੁਧੋਧਨ ਨੇ ਵਿਆਹ ਕੇ ਆਪਣੀ ਰਾਣੀ ਬਣਾ ਲਿਆ। ਮਾਸੀ ਪ੍ਰਜਾਪਤੀ ਨੇ ਬੱਚੇ ਦੀ ਦੇਖਭਾਲ ਅਤੇ ਪਾਲਣ-ਪੋਸ਼ਣ ਦੀ ਕੋਈ ਕਸਰ ਨਾ ਛੱਡੀ। ਉਹ ਹਮੇਸ਼ਾਂ ਬੱਚੇ ਦੇ ਨਾਲ ਨਾਲ ਰਹਿੰਦੀ, ਉਸ ਨੂੰ ਹਰ ਸਮੇਂ ਪਿਆਰ ਦਿੰਦੀ। ਇਹ ਸੋਚ ਕੇ ਕਿਤੇ ਮੇਰੇ ਤੇ ਦੋਸ਼ ਨਾ ਲੱਗੇ ਕਿ ਜੇ ਮੇਰੀ ਮਾਂ ਜਿਉਂਦੀ ਹੁੰਦੀ ਤਾਂ ਚੰਗੀ ਪਰਵਰਿਸ਼ ਕਰਦੀ, ਮਾਸੀ ਹਰ ਸਮੇਂ ਬੱਚੇ ਨੂੰ ਖੁਸ਼ ਰੱਖਣ ਦਾ ਯਤਨ ਕਰਦੀ। ਪਰ ਬੱਚਾ ਹਮੇਸ਼ਾਂ ਇੱਕਲਾ ਰਹਿਣਾ ਪਸੰਦ ਕਰਦਾ। ਇੱਕਲਾ ਸ਼ਾਹੀ ਮਹਿਲਾਂ ਵਿਚ ਟਹਿਲਦਾ, ਵਿਚਾਰਾਂ ਵਿਚ ਮਗਨ ਰਹਿੰਦਾ। ਪਿਤਾ ਸੋਚਦਾ ਕਿ ਸ਼ਾਇਦ ਇਸ ਨੂੰ ਮਾਂ ਦੀ ਯਾਦ ਆਉਂਦੀ ਹੋਵੇ, ਪਰ ਮਾਂ ਦਾ ਖਿਆਲ ਇਸ ਨੂੰ ਨਹੀਂ ਆ ਸਕਦਾ, ਕਿਉਂਕਿ ਮਾਂ ਤਾਂ ਇਕ ਹਫਤੇ ਪਿੱਛੋਂ ਹੀ ਪ੍ਰਲੋਕ ਸਿਧਾਰ ਗਈ ਸੀ। ਫਿਰ ਕਿਸ ਚੀਜ਼ ਦੀ ਤਲਾਸ਼ ਹੈ ਸਿਧਾਰਥ ਨੂੰ, ਪਿਤਾ ਅਕਸਰ ਪੁੱਛਦਾ ਪਰ ਸਿਧਾਰਥ ਕੋਈ ਉੱਤਰ ਨਾ ਦਿੰਦਾ। ਮਾਂ ਗੋਤਮੀ ਦੇ ਬੇਟੇ ਨੂੰ ਮਹਿਲਾਂ ਵਿਚ ਗੋਤਮ ਕਿਹਾ ਜਾਣ ਲੱਗਾ।

### 2.1.5 ਬਚਪਨ ਵਿੱਚ ਵਾਪਰੀਆਂ ਘਟਨਾਵਾਂ

ਇਕ ਦਿਨ ਸਿਧਾਰਥ ਆਪਣੇ ਚਚੇਰੇ ਭਰਾ (ਚਾਚੇ ਦਾ ਪੁੱਤਰ) ਦੇਵਦੱਤ ਨਾਲ ਸ਼ਾਹੀ ਬਾਗ ਵਿਚ ਟਹਿਲ ਰਿਹਾ ਸੀ ਤਾਂ ਦੇਵਦੱਤ ਦੀ ਨਜ਼ਰ ਉੱਚੀ ਉੱਡਦੀ ਜਾਂਦੀ ਹੰਸਾਂ ਦੀ ਡਾਰ ਤੇ ਪਈ। ਦੇਵਦੱਤ ਨੇ ਝਟ ਆਪਣਾ ਤੀਰ ਹੰਸਾਂ ਦੀ ਡਾਰ ਵਲ ਛਡਿਆ ਤੇ ਉਸ ਨਾਲ ਇਕ ਹੰਸ ਜਿਸ ਦੇ ਖੰਭਾਂ ਵਿਚ ਤੀਰ ਵੱਜਾ ਸੀ, ਜ਼ਖਮੀ ਹੋ ਕਿ ਡਿਗ ਪਿਆ। ਸਿਧਾਰਥ ਨੇ ਹੰਸ ਚੁਕ ਲਿਆ ਤੇ ਉਸ ਦੇ ਖੰਭਾਂ ਵਿਚੋਂ ਤੀਰ ਕੱਢਿਆ। ਦੇਵਦੱਤ ਕਹਿਣ ਲੱਗਾ ਕਿ ਹੰਸ ਮੈਨੂੰ ਦੇਹ ਕਿਉਂਕਿ ਇਸ ਨੂੰ ਮੈਂ ਤੀਰ ਨਾਲ ਮਾਰਿਆ ਹੈ। ਸਿਧਾਰਥ ਕਹਿਣ ਲੱਗਾ ਨਹੀਂ ਹੰਸ ਮੇਰਾ ਹੈ, ਮੈਂ ਇਸ ਨੂੰ ਰੱਖਾਗਾਂ। ਅਖੀਰ ਗੱਲ ਪਿਤਾ ਪਾਸ ਅਪੜੀ ਤਾਂ ਸੁਧੋਧਨ ਨੇ ਪੁੱਛਿਆ ਕਿ ਦੇਵਦੱਤ ਨੇ ਤੀਰ ਮਾਰ ਕੇ ਹੰਸ ਡੇਗਿਆ ਹੈ ਇਸ ਲਈ ਇਹ ਉਸ ਦਾ ਸ਼ਿਕਾਰ ਹੈ। ਸਿਧਾਰਥ ਤੂੰ ਇਸ ਤੇ ਕਿਵੇਂ ਹੱਕ ਜਤਾਉਂਦਾ ਹੈ? ਸਿਧਾਰਥ ਨੇ ਕਿਹਾ ਪਿਤਾ ਜੀ ਜੀਵ ਉਸ ਦਾ ਹਰਗਿਜ਼ ਨਹੀਂ ਹੁੰਦਾ ਜਿਸ ਨੇ ਉਸ ਨੂੰ ਮਾਰਿਆ ਹੋਵੇ। ਜੀਵ ਉਸ ਦਾ ਹੁੰਦਾ ਹੈ ਜਿਸ ਨੇ ਉਸ ਨੂੰ ਬਚਾਇਆ ਹੋਵੇ। ਦੇਵਦੱਤ ਨੇ ਤਾਂ ਇਸ ਨੂੰ ਮਾਰ ਦਿੱਤਾ ਸੀ, ਮੈਂ ਇਸ ਨੂੰ ਬਚਾਇਆ ਹੈ। ਇਸ ਲਈ ਇਹ ਮੇਰਾ ਹੈ। ਪਿਤਾ ਨੇ ਪ੍ਰਸੰਨ ਹੋ ਕੇ ਹੰਸ ਸਿਧਾਰਥ ਨੂੰ ਦੇ ਦਿੱਤਾ। ਸਿਧਾਰਥ ਨੇ ਹੰਸ ਦਾ ਜ਼ਖ਼ਮ ਰਾਜੀ ਕੀਤਾ ਤੇ ਉਸ ਨੂੰ ਵਿਸ਼ਾਲ ਆਕਾਸ਼ ਵਿਚ ਉਡਾ ਦਿੱਤਾ। ਇਕ ਦਿਨ ਜੋਤਸ਼ੀ ਨੇ ਰਾਜੇ

ਨੂੰ ਦੱਸਿਆ ਕਿ ਇਹ ਸੰਵੇਦਨਸ਼ੀਲ ਬਾਲਕ ਹੈ। ਇਸ ਲਈ ਅਜਿਹੀ ਕੋਈ ਵੀ ਚੀਜ਼ ਇਸ ਨੂੰ ਨਾ ਦੇਖਣ ਦਿਉ ਜੋ ਇਸ ਦੇ ਮਨ ਤੇ ਬੁਰਾ ਅਸਰ ਪਾਵੇ। ਪਿਤਾ ਸੁਸੋਧਨ ਨੇ ਅੰਗ ਰੱਖਿਅਕਾਂ ਨੂੰ ਸਖਤ ਹਦਾਇਤਾਂ ਕਰ ਦਿੱਤੀਆਂ ਕਿ ਬਾਲਕ ਕੋਈ ਵੀ ਅਜਿਹੀ ਚੀਜ਼ ਨਾ ਦੇਖ ਪਾਏ ਜੋ ਉਸ ਦਾ ਮਨ ਉਦਾਸ ਕਰੇ। ਇਥੋਂ ਤੱਕ ਕਿ ਰਾਜੇ ਨੇ ਸ਼ਾਹੀ ਮਹਿਲਾਂ ਤੇ ਬਾਗ ਵਿਚੋਂ ਮੁਰਝਾਏ ਹੋਏ ਫੁਲ ਤੇ ਕੁਮਲਾਏ ਹੋਏ ਪੱਤੇ ਤੱਕ ਹਟਾ ਦਿੱਤੇ ਤਾਂ ਕਿ ਬਾਲਕ ਕੋਈ ਨਿਰਾਸ਼ ਚੀਜ਼ ਨਾ ਦੇਖੇ।

ਪਿਤਾ ਬਾਲਕ ਨੂੰ ਖੁਸ਼ ਰੱਖਣ ਲਈ ਹਰ ਸਹੂਲਤ ਪ੍ਰਦਾਨ ਕਰਦਾ ਸੀ। ਇਸ ਦੇ ਉਲਟ ਬਾਲਕ ਉੱਨਾ ਹੀ ਇਕੱਲਾ ਰਹਿੰਣਾ ਪਸੰਦ ਕਰਨ ਲੱਗਿਆ। ਪਿਤਾ ਬਾਲਕ ਦੀ ਖਾਮੋਸ਼ੀ ਦੂਰ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ। ਜੇ ਪੁੱਤਰ ਉਦਾਸ ਹੋਵੇ ਤਾਂ ਕੋਈ ਵੀ ਪਿਤਾ ਖੁਸ਼ ਨਹੀਂ ਰਹਿ ਸਕਦਾ। ਇਸ ਲਈ ਇਸ ਦਾ ਅਸਰ ਸੁਧੋਦਨ ਤੇ ਵੀ ਪੈਂਦਾ ਸੀ। ਇਕ ਦਿਨ ਸਿਧਾਰਥ ਨੇ ਦੇਖਿਆ ਕਿ ਇਕ ਛਿਪਕਲੀ ਨਿੱਕੇ ਕੀੜੇ ਖਾ ਰਹੀ ਸੀ ਤਾਂ ਇਕ ਸੱਪ ਨੇ ਛਿਪਕਲੀ ਨੂੰ ਦਬੋਚ ਲਿਆ, ਛਿਪਕਲੀ ਅਜੇ ਸੱਪ ਦੇ ਮੂੰਹ ਵਿਚ ਹੀ ਸੀ ਕਿ ਇਕ ਇੱਲ ਸੱਪ ਨੂੰ ਲੈ ਕੇ ਉੱਡ ਗਈ। ਸਿਧਾਰਥ ਇਸ ਬਾਰੇ ਸੋਚਣ ਲੱਗਾ ਕਿ ਬੱਸ ਇਹ ਹੀ ਜ਼ਿੰਦਗੀ ਹੈ। ਹਿੰਸਾ ਮੌਤ ਸਭ ਕੁਝ ਕੀ ਹੈ? ਇਸ ਤੋਂ ਬਚਾਅ ਨਹੀਂ ਹੋ ਸਕਦਾ? ਬਾਲਕ ਇਹਨਾਂ ਸੋਚਾਂ ਵਿਚ ਮਗਨ ਸੀ ਤਾਂ ਸੁਸੋਧਨ ਨੇ ਪੁੱਛਿਆ, ਪੁੱਤਰ ਕੀ ਸੋਚ ਰਹੇ ਹੋ? ਕੀ ਕਰਨ ਦਾ ਇਰਾਦਾ ਹੈ? ਬਾਲਕ ਨੇ ਉੱਤਰ ਦਿੱਤਾ, ਪਿਤਾ ਜੀ ਸ਼ਹਿਰ ਦੇਖਣ ਦਾ ਮਨ ਹੈ। ਅੱਜ ਅਬਾਦੀ ਵੱਲ ਆਮ ਜਨਤਾ ਨੂੰ ਦੇਖਣ ਲਈ ਜਾਣਾ ਚਾਹੁੰਦਾ ਹਾਂ। ਬਾਲਕ ਨੂੰ ਮਹਿਲਾਂ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ ਪਰ ਪਿਤਾ ਨੇ ਦਰਬਾਰੀਆਂ ਨੂੰ ਬੁਲਾਇਆ ਤੇ ਕਿਹਾ ਧਿਆਨ ਰੱਖਣਾ, ਬਾਲਕ ਜਜ਼ਬਾਤੀ ਹੈ। ਇਸ ਨੂੰ ਕੋਈ ਅਜਿਹੀ ਵਸਤ ਨਾ ਦਿਖਾਉਣੀ ਜਿਸ ਨਾਲ ਇਹ ਉਦਾਸ ਹੋਵੇ।

ਚੰਨੇ ਨਾਂ ਦੇ ਰਥਵਾਨ ਨੇ ਚਾਰ ਸੁੰਦਰ ਘੋੜਿਆਂ ਨੂੰ ਰੱਥ ਅੱਗੇ ਜੋੜਿਆ ਤੇ ਰੱਥ ਸ਼ਹਿਰ ਦੇ ਰਾਹ ਪਾਇਆ। ਰੱਥ ਅਜੇ ਕੁਝ ਹੀ ਦੂਰ ਗਿਆ ਸੀ ਕਿ ਰਾਜ ਕੁਮਾਰ ਦੀ ਨਜ਼ਰ ਇਕ ਬਿਰਧ ਆਦਮੀ ਤੇ ਪਈ, ਜਿਸ ਦੀਆਂ ਅੱਖਾਂ ਅੰਦਰ ਧਸੀਆਂ ਹੋਈਆਂ ਸਨ, ਵਾਲ ਸਫੈਦ ਸਨ, ਮੂੰਹ ਵਿਚ ਦੰਦ ਨਹੀਂ ਸਨ, ਸਰੀਰ ਤੇ ਝੁਰੜੀਆਂ ਪਈਆਂ ਹੋਈਆਂ ਸਨ ਤੇ ਉਹ ਸੋਟੀ ਦੇ ਸਹਾਰੇ ਚਲ ਰਿਹਾ ਸੀ। ਸਿਧਾਰਥ ਨੇ ਚੰਨੇ ਨੂੰ ਪੁੱਛਿਆ ਕਿ ਇਹ ਅਜਿਹਾ ਕਿਉਂ ਹੈ। ਰਥਵਾਨ ਨੇ ਦਸਿਆ, ਇਹ ਬਿਰਧ ਆਦਮੀ ਹੈ। ਬੁਢਾਪਾ ਸਭ ਨੂੰ ਅਜਿਹਾ ਕਰ ਦਿੰਦਾ ਹੈ। ਸਮਾਂ ਪਾ ਕੇ ਅਸੀਂ ਸਾਰੇ ਇਕ ਦਿਨ ਬੁੱਢੇ ਹੋ ਜਾਵਾਂਗੇ, ਜਿਹੋ ਜਿਹਾ ਇਹ ਆਦਮੀ ਹੈ। ਸਿਧਾਰਥ ਉਦਾਸ ਹੋ ਗਿਆ ਤੇ ਇਥੋਂ ਹੀ ਮਹਿਲਾਂ ਵਿਚ ਵਾਪਸ ਆ ਗਿਆ। ਰਾਜੇ ਵਲੋਂ ਸਿਧਾਰਥ ਦਾ ਉਦਾਸ ਮਨ ਪ੍ਰਚਾਉਣ ਲਈ ਕਈ ਰੰਗਾ-ਰੰਗ ਪ੍ਰੋਗਰਾਮ ਕਰਵਾਏ ਗਏ।

ਕੁਝ ਦਿਨ ਪਿਛੋਂ ਸਿਧਾਰਥ ਨੇ ਫਿਰ ਸ਼ਹਿਰ ਦੇਖਣ ਦਾ ਪ੍ਰੋਗਰਾਮ ਬਣਾਇਆ। ਇਸ ਦਿਨ ਉਸ ਨੇ ਇਕ ਰੋਗੀ ਆਦਮੀ ਨੂੰ ਦੇਖਿਆ ਜੋ ਬਿਮਾਰੀ ਕਾਰਨ ਖੜ੍ਹਾ ਨਹੀਂ ਸੀ ਹੋ ਸਕਦਾ। ਰਾਜ ਕੁਮਾਰ ਦੇ ਪੁਛਣ ਤੇ ਚੰਨੇ ਨੇ ਦੱਸਿਆ ਕਿ ਹਰ ਆਦਮੀ ਜ਼ਿੰਦਗੀ ਵਿਚ ਇਸ ਤਰ੍ਹਾਂ ਬਿਮਾਰ ਹੋ ਸਕਦਾ ਹੈ। ਰਾਜ ਕੁਮਾਰ ਭਰੇ ਮਨ ਨਾਲ ਮਹਿਲਾਂ ਵਿਚ ਵਾਪਸ ਆ ਗਿਆ। ਅਗਲੀ ਵਾਰ ਜਦੋਂ ਸਿਧਾਰਥ ਤੇ ਚੰਨਾ ਘੁੰਮਣ ਲਈ ਗਏ ਤਾਂ ਉਹਨਾਂ ਨੇ ਕੁਝ ਆਦਮੀ ਕਿਸੇ ਦੀ ਅਰਥੀ ਚੁੱਕੀ ਜਾਂਦੇ ਦੇਖੇ। ਲੋਕਾਂ ਦੇ ਉਦਾਸ ਚੇਹਰੇ ਤੇ ਰੋਂਦੀਆਂ ਇਸਤਰੀਆਂ ਦੇ ਦੁਖ ਭਰੇ ਵੈਣ ਸੁਣ ਕੇ ਕੰਵਰ ਨੇ ਆਪਣੇ ਰਥਵਾਨ ਨੂੰ ਪੁਛਿਆ, ਇਹ ਕਿਉਂ ਰੋਂਦੀਆਂ ਹਨ ਤੇ ਆਦਮੀ ਕਿਉਂ ਉਦਾਸ ਹਨ? ਰਥਵਾਨ ਨੇ ਉਤਰ ਦਿੱਤਾ ਹਰ ਉਹ ਵਸਤੂ ਜਿਸ ਨੇ ਜਨਮ ਲਿਆ ਹੈ, ਨੇ ਇਕ ਦਿਨ ਜ਼ਰੂਰ ਮਰਨਾ ਹੈ। ਜੋ ਮਰ ਗਿਆ ਹੈ ਉਸ ਨੇ ਮੁੜ ਕੇ ਇਸ ਸੰਸਾਰ ਵਿਚ ਨਹੀਂ ਆਉਣਾ। ਏਥੇ ਕੋਈ ਸਥਾਈ ਨਹੀਂ। ਅਗਲੀ ਵਾਰ ਸਿਧਾਰਥ ਨੇ ਇਕ ਸਾਧੂ ਦੇਖਿਆ। ਰਥਵਾਨ ਨੇ ਪੁਛਣ ਉੱਤੇ ਦੱਸਿਆ, ਇਹ ਤਪੱਸਵੀ ਹੈ ਤੇ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨਾ

ਚਾਹੁੰਦਾ ਹੈ। ਸਿਧਾਰਥ ਤੇ ਚੰਨਾ ਵਾਪਸ ਮਹਿਲਾਂ ਵਿਚ ਆ ਗਏ। ਸਿਧਾਰਥ ਨੇ ਦੇਖਿਆ ਕਿ ਸਾਧੂ ਦੇ ਚਿਹਰੇ ਤੇ ਵਿਸ਼ੇਸ਼ ਕਿਸਮ ਦੀ ਸ਼ਾਂਤੀ ਸੀ। ਇਸ ਸ਼ਾਂਤੀ ਨੂੰ ਸਿਧਾਰਥ ਭੁਲਾ ਨਾ ਸਕਿਆ। ਸਿਧਾਰਥ ਨੇ ਦੇਖਿਆ ਕਿ ਜਿਸ ਦੇ ਸਿਰ ਤੇ ਛੱਤ ਨਹੀਂ, ਸਹਾਰਾ ਨਹੀਂ, ਉਹ ਆਦਮੀ ਖੁਸ਼ ਸੀ। ਗੋਤਮ ਵਧੇਰੇ ਖਾਮੋਸ਼ ਰਹਿਣ ਲੱਗਾ।

### 2.1.6 ਵਿਆਹ

ਮਾਪਿਆਂ ਨੇ ਸੋਚਿਆ, ਜਿਹਾ ਕਿ ਅਕਸਰ ਸਾਰੇ ਮਾਪੇ ਸੋਚਦੇ ਹਨ, ਕਿ ਗੋਤਮ ਦਾ ਵਿਆਹ ਕਰ ਦੇਈਏ ਤਾਂ ਇਹ ਆਪ ਹੀ ਦੁਨੀਆਦਾਰੀ ਵਿਚ ਖਚਿਤ ਹੋ ਜਾਵੇਗਾ। ਪਿਤਾ ਵਲੋਂ ਬਹੁਤ ਸਾਰੇ ਰਾਜਿਆਂ ਨੂੰ ਉਹਨਾਂ ਦੀਆਂ ਰਾਜਕੁਮਾਰੀਆਂ ਸਮੇਤ ਸੱਦਾ-ਪੱਤਰ ਦਿੱਤੇ ਗਏ ਤਾਂ ਕਿ ਰਾਜਕੁਮਾਰ ਆਪਣੇ ਮਨਪਸੰਦ ਦੀ ਜੀਵਨ ਸਾਥਣ ਚੁਣ ਸਕੇ। ਸਿਧਾਰਥ ਨੇ ਜੀਵਨ ਸਾਥ ਲਈ ਯਸ਼ੋਧਰਾ ਨਾਂ ਦੀ ਸੁੰਦਰ ਸੁਸ਼ੀਲ ਰਾਜਕੁਮਾਰੀ ਦੀ ਚੋਣ ਕੀਤੀ ਗਈ। ਯਸ਼ੋਧਰਾ ਇਕ ਆਦਰਸ਼ ਪਤਨੀ ਸਾਬਤ ਹੋਈ ਸੀ। ਸਿਧਾਰਥ ਵੀ ਤੀਖਣ ਬੁੱਧੀ ਦਾ ਹੁਸ਼ਿਆਰ, ਵਿਦਿਆ ਵਿਚ ਪ੍ਰਬੀਨ ਤੇ ਖੇਡਾਂ ਵਿਚ ਉਤਸ਼ਾਹੀ ਨੌਜਵਾਨ ਸੀ। ਸਿਧਾਰਥ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਰਾਹੁਲ ਰੱਖਿਆ ਗਿਆ ਪਰੰਤੂ ਸਿਧਾਰਥ ਨੂੰ ਸੁੰਦਰ ਪਤਨੀ ਪਿਆਰ, ਪੁੱਤਰ ਦਾ ਮੋਹ, ਮਹਿਲਾਂ ਦੇ ਸੁਖ, ਧਨ ਦੌਲਤ, ਕੁਝ ਵੀ ਮੋਹ ਨਾ ਸਕਿਆ, ਉਸ ਨੂੰ ਕਿਸੇ ਹੋਰ ਵਸਤੂ ਦੀ ਤਲਾਸ਼ ਸੀ। ਉਸ ਨੂੰ ਲੋਕਾਂ ਅਤੇ ਹੋਰ ਜੀਵਾਂ ਦਾ ਦੁਖ ਆਪਣਾ ਦੁਖ ਜਾਪਿਆ ਤੇ ਇਹਨਾਂ ਦੁੱਖਾਂ ਨੂੰ ਦੂਰ ਕਰਨ ਲਈ ਉਸ ਦਾ ਮਨ ਉਤਾਵਲਾ ਸੀ। ਇਕ ਦਿਨ ਜਦੋਂ ਉਹ ਮਹਿਲ ਵਿਚੋਂ ਘੋੜੇ ਤੇ ਚੜ੍ਹ ਕੇ ਸੈਰ ਨੂੰ ਜਾ ਰਿਹਾ ਸੀ ਤਾਂ ਉਸ ਨੇ ਕਿਸਾਨਾਂ ਨੂੰ ਜ਼ਮੀਨ ਵਾਹੁੰਦੇ ਦੇਖਿਆ। ਆਦਮੀਆਂ, ਬੈਲਾਂ, ਕੀੜੇ ਮਕੌੜਿਆਂ ਨੂੰ ਖੇਤਾਂ ਵਿਚ ਕਸ਼ਟ ਵਿਚੋਂ ਲੰਘਦਿਆਂ ਦੇਖ ਕੇ ਉਸ ਦੇ ਮਨ ਤੇ ਅਸਰ ਹੋਇਆ। ਉਹ ਇਕ ਦਰਖਤ ਹੇਠ ਖਾਮੋਸ਼ ਬੈਠ ਗਿਆ ਤੇ ਇਸ ਬਾਰੇ ਸੋਚਣ ਲੱਗਾ। ਇਕ ਦਿਨ ਉਸ ਨੂੰ ਇਕ ਫ਼ਕੀਰ ਮਿਲਿਆ ਜਿਹੜਾ ਸ਼ਾਂਤੀ ਦੀ ਭਾਲ ਵਿਚ ਘੁੰਮ ਰਿਹਾ ਸੀ।

### 2.1.7 ਸੰਨਿਆਸ ਅਤੇ ਗਿਆਨ ਪ੍ਰਾਪਤੀ

ਇਕ ਰਾਤ ਸਿਧਾਰਥ ਨੇ ਸੰਨਿਆਸ ਲੈਣ ਤੇ ਗ੍ਰਹਿਸਤ ਜੀਵਨ ਦਾ ਤਿਆਗ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਸੁੱਤੀ ਪਈ ਯਸ਼ੋਧਰਾ ਤੋਂ ਦਿਲ ਵਿਚ ਮਾਫੀ ਮੰਗੀ ਤੇ ਪੁੱਤਰ ਨੂੰ ਚੁਪਕੇ ਜਿਹੇ ਚੁੰਮਿਆ। ਕਾਹਲੀ-ਕਾਹਲੀ ਮਹਿਲਾਂ ਤੋਂ ਬਾਹਰ ਆਇਆ ਤੇ ਰਥਵਾਨ ਚੰਨੇ ਨੂੰ ਜਗਾਇਆ ਤੇ ਘੋੜਾ ਲਿਆਉਣ ਲਈ ਕਿਹਾ ਗਿਆ। ਸ਼ਹਿਰ ਦਾ ਯੁਵਰਾਜ ਨੀਂਦ ਵਿਗੁਤੇ ਸ਼ਹਿਰ ਨੂੰ ਛੱਡ ਕੇ ਜੰਗਲਾਂ ਵਿਚ ਚਲਾ ਗਿਆ। ਜੰਗਲ ਵਿਚ ਪਹੁੰਚ ਕੇ ਉਸ ਨੇ ਆਪਣੇ ਰਥਵਾਨ ਨੂੰ ਆਪਣੇ ਸ਼ਾਹੀ ਗਹਿਣੇ ਤੇ ਬਸਤਰ ਉਤਾਰ ਕੇ ਦੇ ਦਿੱਤੇ। ਸੁਨੇਹਾ ਦੇ ਕੇ ਰਾਜੇ ਸੁਸ਼ੋਧਨ ਵੱਲ ਮੋੜ ਦਿੱਤਾ, ਕਿਹਾ, ਜਾਓ ਪਿਤਾ ਜੀ ਨੂੰ ਦੱਸਣਾ ਕਿ ਗੋਤਮ ਠੀਕ ਹੈ ਪਰ ਉਹ ਬਨਵਾਸੀ ਹੋ ਗਿਆ ਹੈ। ਸਿਧਾਰਥ ਨੇ ਆਪਣੇ ਰੇਸ਼ਮ ਜਿਹੇ ਵਾਲ ਤਲਵਾਰ ਨਾਲ ਕੱਟ ਸੁੱਟੇ ਤੇ ਕੀਮਤੀ ਬਸਤਰਾਂ ਦੀ ਥਾਂ ਇਕ ਕਪੜਾ ਆਪਣੇ ਲੱਕ ਦੇ ਦੁਆਲੇ ਲਪੇਟ ਲਿਆ। ਇਸ ਘਟਨਾ ਨੂੰ ਮਹਾਨ ਤਿਆਗ ਕਿਹਾ ਜਾਂਦਾ ਹੈ ਤੇ ਇਸ ਘਟਨਾ ਵੇਲੇ ਰਾਜ ਕੁਮਾਰ ਦੀ ਉਮਰ 25 ਸਾਲ ਦੇ ਲਗਭਗ ਸੀ। ਮਹਿਲਾਂ ਵਿਚ ਮਖਮਲਾਂ ਤੇ ਸੌਣ ਵਾਲਾ ਰਾਜਕੁਮਾਰ ਹੁਣ ਦਰਖਤਾਂ ਹੇਠ ਸੌਂ ਜਾਂਦਾ ਤੇ ਮੰਗ ਕੇ ਖਾ ਲੈਂਦਾ। ਤੁਰਦਾ-ਤੁਰਦਾ ਉਹ ਮਗਧ ਦੇਸ਼ ਦੀ ਰਾਜਧਾਨੀ ਰਾਜਗ੍ਰਹਿ ਵਿਖੇ ਅੱਪੜ ਗਿਆ। ਮਗਧ ਉੱਤੇ ਰਾਜਾ ਬਿੰਬੀਸਾਰ ਰਾਜ ਕਰਦਾ ਸੀ। ਇੰਨੇ ਖੂਬਸੂਰਤ ਨੌਜਵਾਨ ਨੂੰ ਮੰਗਤਾ ਬਣਿਆ ਦੇਖ ਕੇ ਲੋਕਾਂ ਦੀਆਂ ਭੀੜਾਂ ਜੁੜ ਗਈਆਂ। ਰਾਜੇ ਤੱਕ ਖਬਰ ਅੱਪੜੀ ਤਾਂ ਰਾਜਾ ਵੀ ਦੇਖਣ ਲਈ ਆਇਆ ਤੇ ਕਹਿਣ ਲੱਗਾ, ਤੁਹਾਡੇ ਖੂਬਸੂਰਤ ਹੱਥ ਤਾਂ ਵੱਡੀ ਹਕੂਮਤ ਦੀ ਵਾਗਡੋਰ ਸੰਭਾਲਣ ਲਈ ਬਣੇ ਹਨ, ਭਿਖਾਰੀਆਂ ਦਾ ਲੋਟਾ ਤੁਹਾਡੇ

ਹੱਥ ਵਿਚ ਸ਼ੋਭਾ ਨਹੀਂ ਦਿੰਦਾ। ਸਿਧਾਰਥ ਨੇ ਕਿਹਾ, ''ਸਲਤਨਤ ਨਾਲੋਂ ਨਿਰਮਲਤਾ, ਪਵਿਤਰਤਾ ਵੱਡੀਆਂ ਸ਼ਕਤੀਆਂ ਹਨ। ਕਿਰਪਾ ਕਰਕੇ ਮੇਰੇ ਤੇ ਤਰਸ ਨਾ ਖਾਉ, ਮੇਰੀ ਪ੍ਰਾਰਥਨਾ ਹੈ। ਤਰਸ ਉਹਨਾਂ ਤੇ ਖਾਓ, ਜਿਹਨਾਂ ਨੂੰ ਜ਼ਿੰਦਰਗੀ ਨੇ ਲਤਾੜ ਦਿੱਤਾ ਹੈ।'' ਬਾਦਸ਼ਾਹ ਨੇ ਸਿਰ ਝੁਕਾਇਆ ਤੇ ਕਿਹਾ, ਮੇਰੀ ਮਨੋਕਾਮਨਾ ਹੈ, ਜਿਸ ਚੀਜ਼ ਦੀ ਤੁਸੀਂ ਤਲਾਸ਼ ਵਿਚ ਨਿਕਲੇ ਹੋ ਉਹ ਤੁਹਾਨੂੰ ਨਸੀਬ ਹੋਵੇ, ਮੇਰੀ ਬੇਨਤੀ ਹੈ, ਉਹ ਜਦੋਂ ਤੁਹਾਨੂੰ ਹਾਸਲ ਹੋ ਜਾਵੇ ਤਾਂ ਮੈਂ ਤੁਹਾਡਾ ਪਹਿਲਾ ਸ਼ਾਗਿਰਦ ਬਣਾਂ। ਸਾਡੇ ਉਪਰ ਕਿਰਪਾ ਰੱਖਣੀ।

ਸਭ ਤੋਂ ਪਹਿਲਾਂ ਉਹ ਆਲਾਰ ਕਾਲਾਮ ਨਾਮ ਦੇ ਇਕ ਜੋਗੀ ਨੂੰ ਮਿਲਿਆ। ਇਸ ਨੇ ਮਹਾਤਮਾ ਬੁੱਧ ਨੂੰ ''ਸੁੰਨ ਅਵਸਥਾ'' ਪ੍ਰਾਪਤ ਕਰਨ ਲਈ ਇਕ ਖਾਸ ਵਿਧੀ ਸਿਖਾਈ। ਧਿਆਨ ਦੇ ਇਸ ਢੰਗ ਲਈ ਜਿਹੜੇ ਸਾਧਨ ਅਪਣਾਏ ਉਹ ਸਨ : ਸੱਧਾ, ਵੀਰਯ, ਸ਼ਮ੍ਰਿਤੀ, ਸਮਾਧੀ, ਪ੍ਰਗਿਆ। ਸਿਧਾਰਥ ਗੋਤਮ ਨੇ ਇਹਨਾਂ ਗੁਣਾਂ ਦਾ ਅਭਿਆਸ ਕੀਤਾ ਤੇ ਕਲਾਮ ਦਾ ਦੱਸਿਆ ਨਿਸ਼ਾਨਾ ਪ੍ਰਾਪਤ ਕਰ ਲਿਆ। ਪਰ ਉਸ ਨੇ ਦੇਖਿਆ ਇਹ ਸਿਧਾਂਤ ਨਿਰਵਾਣ ਤੱਕ ਨਹੀਂ ਪਹੁੰਚਦਾ। ਇਸ ਲਈ ਸਿਧਾਰਥ ਉਥੋਂ ਅਗਾਂਹ ਤੁਰ ਗਿਆ।

ਹੁਣ ਉਸ ਦਾ ਮੇਲ ਇਕ ਮਹਾਨ ਆਚਾਰਿਆ ਉਦ੍ਰਕ ਰਾਮਪਤ੍ਰ ਨਾਲ ਹੋਇਆ। ਇਸ ਸਾਧੂ ਨੇ ਉਸ ਨੂੰ 'ਨਾ ਸੰਕਲਪ ਤੇ ਨਾ ਨਿਰਸੰਕਲਪ' ਦੀ ਅਵਸਥਾ ਪ੍ਰਾਪਤ ਕਰਨ ਦੀ ਸਿੱਖਿਆ ਦਿੱਤੀ। ਗੋਤਮ ਨੇ ਦੇ ਖਿਆ ਕਿ ਇਸ ਅਵਸਥਾ ਨਾਲ ਵੀ ਮੋਕਸ਼ ਦੀ ਪ੍ਰਾਪਤ ਨਹੀਂ ਹੋ ਸਕਦੀ। ਉਸ ਨੇ ਉਦ੍ਰਕ ਦਾ ਆਸ਼ਰਮ ਤਿਆਗ ਦਿੱਤਾ। ਸਿਧਾਰਥ ਗੋਤਮ ਨੇ ਇਹਨਾਂ ਦੋਵੇਂ ਸਾਧੂਆਂ ਦੇ ਧਰਮ ਨੂੰ ਅਪੂਰਣ ਸਮਝਿਆ ਇਸ ਲਈ ਇਹਨਾਂ ਨੂੰ ਛੱਡ ਦਿੱਤਾ। ਗੋਤਮ ਦੇ ਖਿਆਲ ਵਿਚ ਦੋਵਾਂ ਅਧਿਆਪਕਾਂ ਨੂੰ ਅਜੇ ਪਰਮ ਸੱਚ ਦਾ ਰਾਹ ਨਹੀਂ ਸੀ ਮਿਲਿਆ।

ਹੁਣ ਉਹ ਗਯਾ ਦੇ ਲਾਗੇ 'ਓਰੇਵੇਲਾ' ਦੇ ਸਥਾਨ ਤੇ ਪੁਜ ਗਿਆ ਤੇ ਸਵਾਸ ਚੜ੍ਹਾਉਣ ਤੇ ਵਰਤ ਆਦਿ ਦੀ ਤੱਪਸਿਆ ਸ਼ੁਰੂ ਦਰ ਦਿੱਤੀ। ਛੇ ਸਾਲ ਤੱਕ ਉਸ ਨੇ ਘੋਰ ਤਪੱਸਿਆ ਕੀਤੀ। ਉਹ ਕਈ ਵਾਰ ਬੇਹੋਸ਼ ਹੋ ਜਾਂਦਾ। ਇਕ ਵਾਰ ਤਾਂ ਸਮਾਧੀ ਇੰਨੀ ਲੰਬੀ ਹੋਈ ਕਿ ਨਾਲ ਦੇ ਸਾਧੂਆਂ ਨੇ ਉਸ ਨੂੰ ਮਿਰਤਕ ਸਮਝ ਲਿਆ। ਫਿਰ ਉਸ ਨੂੰ ਇਉਂ ਅਨੁਭਵ ਹੋਇਆ ਕਿ ਉਸ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ, ਜਿਸ ਦੀ ਭਾਲ ਉਸ ਨੂੰ ਸੀ। ਉਸ ਨੇ ਹੱਠ ਯੋਗ ਛੱਡ ਦਿੱਤਾ ਤੇ ਖਾਣਾ ਪੀਣਾ ਸ਼ੁਰੂ ਕਰ ਦਿੱਤਾ ਤੇ ਭਗਤੀ ਸ਼ੁਰੂ ਕਰ ਦਿੱਤੀ। ਨਾਲ ਦੇ ਸਾਧੂ ਉਸ ਨੂੰ ਪਖੰਡੀ ਆਖ ਕੇ ਛੱਡ ਗਏ ਕਿਉਂਕਿ ਉਹਨਾਂ ਮੁਤਾਬਕ ਗੋਤਮ ਹਾਰ ਚੁੱਕਾ ਸੀ। ਇਕ ਦਿਨ ਉਹ ਦਰਖਤ ਹੇਠਾਂ ਬੈਠਾ ਸੀ ਕਿ ਰਾਗੀਆਂ ਦੀ ਇਕ ਟੋਲੀ ਗੀਤ ਗਾਉਂਦੀ ਹੋਈ ਉਸ ਦੇ ਕੋਲੋਂ ਲੰਘੀ। ਉਨ੍ਹਾਂ ਦੇ ਗੀਤ ਦੇ ਬੋਲ ਸਨ :

*''ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਢਿੱਲੀਆਂ*
*ਨਾ ਛੱਡ ਕਿ ਸੰਗੀਤ ਪੈਦਾ ਨਾ ਹੋ ਸਕੇ।*
*ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਨਾ ਕਸ*
*ਕਿ ਇਹ ਟੁੱਟ ਜਾਣ।''*

ਸਿਧਾਰਥ ਨੇ ਸਮਝ ਲਿਆ, ਇਹੀ ਜ਼ਿੰਦਗੀ ਦਾ ਰਹੱਸ ਹੈ। ਨਾ ਐਸ਼-ਇਸ਼ਰਤ ਵਿਚ ਖਚਿਤ ਹੋਣ ਨਾਲ ਸਚਾਈ ਪ੍ਰਾਪਤੀ ਹੋ ਸਕਦੀ ਹੈ ਨਾ ਕਠੋਰ ਤਪੱਸਿਆ ਦਾ ਮਾਰਗ ਧਾਰਣ ਕਰਕੇ, ਫਾਕੇ ਕੱਟ ਕੇ। ਉਸ ਨੇ ਵਿਚਕਾਰਲਾ ਰਸਤਾ ਚੁਣਿਆ ਜਿਸ ਵਿਚ ਰੰਗ-ਰਲੀਆਂ ਤੇ ਫਾਕੇ, ਦੋਹਾਂ ਤੋਂ ਬਚਣ ਦਾ ਉਪਦੇਸ਼ ਸੀ। ਹੁਣ ਉਸ ਨੇ ਤਪੱਸਿਆ ਦਾ ਮਾਰਗ ਤਿਆਗ ਦਿੱਤਾ ਤੇ ਭਗਤੀ ਕਰਨ ਲੱਗਾ। ਵੈਸਾਖ ਦੀ ਪੂਰਨਮਾਸੀ ਵਾਲੇ ਦਿਨ, ਦਰਖਤ ਹੇਠ ਉਹ ਇਹ ਧਾਰ ਕੇ ਬੈਠ ਗਿਆ ਕਿ ਜਦੋਂ ਤੱਕ ਉਸ ਨੂੰ ਗਿਆਨ ਪ੍ਰਾਪਤ ਨਹੀਂ ਹੁੰਦਾ, ਉਥੋਂ ਉਠੇਗਾ ਨਹੀਂ। ਇਕ ਸੁਜਾਤਾ ਨਾਂ ਦੀ ਔਰਤ ਉਸ ਦੇ ਅੱਗੇ ਖੀਰ ਦਾ ਕਟੋਰਾ ਰੱਖ ਗਈ,

ਗੋਤਮ ਨੇ ਖੀਰ ਖਾ ਲਈ ਤੇ ਭਗਤੀ ਕਰਦਾ ਰਿਹਾ। ਅਚਾਨਕ ਉਸ ਦਾ ਅੰਦਰ ਬਾਹਰ ਪ੍ਰਕਾਸ਼ਵਾਨ ਹੋ ਉਠਿਆ। ਵੈਸਾਖ ਦੀ ਪੂਰਨਮਾਸ਼ੀ ਦੀ ਰਾਤ ਨੂੰ ਉਸ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋਈ, ਜਿਸ ਦੀ ਬਹੁਤ ਦੇਰ ਤੋਂ ਭਾਲ ਸੀ। ਉਹ ਬੁੱਧ ਹੋ ਗਿਆ, ਸਭ ਕੁਝ ਦਾ ਗਿਆਤਾ ਹੋ ਗਿਆ। ਬੁੱਧ ਉਹ ਹੁੰਦਾ ਹੈ, ਜਿਸ ਨੂੰ ਚੀਜ਼ ਦੇ ਅਸਲ ਸੁਭਾ ਦਾ ਬੋਧ ਜਾਂ ਸੋਝੀ ਹੋ ਗਈ ਹੋਵੇ। ਇਸ ਤਰ੍ਹਾਂ ਸਿਧਾਰਥ ਗੋਤਮ, ਮਹਾਤਮਾ ਬੁੱਧ ਹੋ ਗਏ।

### 2.1.8 ਮਹਾਤਮਾ ਬੁੱਧ ਦੀਆਂ ਸਿਖਿਆਵਾਂ:

ਮਹਾਤਮਾ ਬੁਧ ਦੀਆਂ ਸਿਖਿਆਵਾਂ ਸਰਲ ਅਤੇ ਉਹਨਾਂ ਦੇ ਜੀਵਨ ਦੇ ਤਜਰਬੇ ਤੇ ਆਧਾਰਿਤ ਸਨ। ਉਹਨਾਂ ਨੇ ਸਿਖਿੱਆ ਦਾ ਪ੍ਰਚਾਰ ਲੋਕ ਬੋਲੀ ਪਾਲੀ ਵਿੱਚ ਕੀਤਾ। ਉਹਨਾਂ ਦੀਆਂ ਸਿੱਖਿਆਵਾਂ ਹੇਠ ਲਿਖੀਆਂ ਹਨ:-

**I. ਚਾਰ ਮੂਲ ਸੱਚਾਈਆਂ**:- ਮਹਾਤਮਾ ਬੁਧ ਦੇ ਉਪਦੇਸ਼ਾਂ ਦਾ ਪਹਿਲਾ ਸਿਧਾਂਤ ਜੀਵਨ ਦੀਆਂ ਚਾਰ ਮੂਲ ਸੱਚਾਈਆਂ ਸਨ:-

a) ਸੰਸਾਰ ਦੁੱਖਾਂ ਨਾਲ ਭਰਿਆ ਹੋਇਆ ਹੈ।

b) ਦੁੱਖ ਦਾ ਕਾਰਨ ਹੈ - ਲਾਲਸਾ।

c) ਲਾਲਸਾ ਦੇ ਦਮਨ ਨਾਲ ਦੁੱਖ ਦੂਰ ਹੋ ਜਾਂਦਾ ਹੈ।

d) ਇਹ ਲਾਲਸਾ ਦਾ ਦਮਨ ਅਸ਼ਟ ਮਾਰਗ ਦੁਆਰਾ ਕੀਤਾ ਜਾ ਸਕਦਾ ਹੈ।

**II. ਅਸ਼ਟ ਮਾਰਗ** :- ਮਹਾਤਮਾ ਬੁਧ ਨੇ ਅੱਠ ਸਿਧਾਂਤ ਦਿੱਤੇ ਜਿਨ੍ਹਾਂ ਨੂੰ ਅਸ਼ਟ ਮਾਰਗ ਕਿਹਾ ਜਾਂਦਾ ਹੈ। ਇਹ ਹੇਠ ਲਿਖੇ ਹਨ:-

(i) **ਸੱਚਾ ਵਿਚਾਰ**:- ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੰਸਾਰ ਦੁੱਖਾਂ ਨਾਲ ਭਰਿਆ ਹੋਇਆ ਹੈ ਅਤੇ ਜਿਸ ਦਾ ਕਾਰਨ ਹੈ - ਤ੍ਰਿਸ਼ਨਾ। ਤ੍ਰਿਸ਼ਨਾ ਦੇ ਅੰਤ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ।

(ii) **ਸੱਚਾ ਉਦੇਸ਼**:- ਸਾਨੂੰ ਸੁੱਖ, ਆਰਾਮ ਛੱਡ, ਮਾਨਵਵਾਦ ਅਤੇ ਦੂਜਿਆਂ ਦੀ ਖੁਸ਼ੀ ਵੱਲ ਧਿਆਨ ਦੇਣਾ ਚਾਹੀਦਾ ਹੈ।

(iii) **ਸੁੱਚਾ ਵਚਨ**:- ਸਾਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ।

(iv) **ਸੁੱਚਾ ਕਰਮ**:- ਮਨੁੱਖ ਦੇ ਸੱਚੇ ਕਰਮ ਹੋਣੇ ਚਾਹੀਦੇ ਹਨ ਜਿਵੇਂ ਅਹਿੰਸਾ, ਦਾਨ, ਦਿਆਲਤਾ, ਪ੍ਰੇਮ ਆਦਿ।

(v) **ਸੱਚਾ ਰਹਿਣ-ਸਹਿਣ**:- ਮਨੁੱਖ ਨੂੰ ਆਪਣੀ ਰੋਜੀ ਰੋਟੀ ਸ਼ੁੱਧ ਸਾਧਨਾ ਰਾਹੀ ਕਮਾਉਣੀ ਚਾਹੀਦੀ ਹੈ।

(vi) **ਸੱਚਾ ਯਤਨ**:- ਮਨੁੱਖ ਦੇ ਯਤਨ ਸੱਚੇ ਹੋਣੇ ਚਾਹੀਦੇ ਹਨ ਤਾਂ ਜੋ ਉਹ ਬੁਰੇ ਖਿਆਲ ਦੂਰ ਕਰ ਆਪਣੀ ਲਾਲਸਾ ਦਾ ਦਮਨ ਕਰ ਸਕੇ।

(vii) **ਸੱਚੀ ਸਮ੍ਰਿਤੀ**:- ਮਨੁੱਖ ਨੂੰ ਮਾੜੀਆਂ ਗੱਲਾਂ ਭੁੱਲ ਕੇ ਸੱਚੀਆਂ ਗੱਲਾਂ ਦਾ ਚਿੰਤਨ ਕਰਨਾ ਚਾਹੀਦਾ ਹੈ।

(viii) **ਸੱਚਾ ਧਿਆਨ**:- ਮਨੁੱਖ ਨੂੰ ਮੋਹ ਮਾਇਆ ਨੂੰ ਛੱਡ ਕੇ ਸੱਚਾ ਧਿਆਨ ਲਾਉਣਾ ਚਾਹੀਦਾ ਹੈ ਤਾਂ ਜੋ ਉਸਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਸਕੇ।

III. **ਕਰਮ ਸਿਧਾਂਤ**- ਮਹਾਤਮਾ ਬੁਧ ਨੇ ਕਰਮ ਸਿਧਾਂਤ ਤੇ ਜੋਰ ਦਿੱਤਾ ਜਿਸ ਅਨੁਸਾਰ ਵਰਤਮਾਨ ਪਿਛਲੇ ਜਨਮ ਵਿੱਚ ਕੀਤੇ ਗਏ ਕਰਮਾਂ ਤੇ ਆਧਾਰਿਤ ਹੈ। ਇਸ ਲਈ ਸਾਨੂੰ ਚੰਗੇ ਅਤੇ ਸੱਚੇ ਕਰਮ ਕਰਨੇ ਚਾਹੀਦੇ ਹਨ। ਜੋ ਜਿਹਾ ਬੀਜੇ ਗਾ, ਉਹ ਉਹੋ ਜਿਹਾ ਹੀ ਵੱਢੇਗਾ ਭਾਵ ਮਨੁੱਖ ਆਪਣੇ ਭਾਗਾਂ ਦਾ ਆਪ ਨਿਰਮਾਤਾ ਹੈ।

IV. **ਅਹਿੰਸਾ**:- ਅਹਿੰਸਾ ਬੁਧ ਧਰਮ ਦਾ ਮਹੱਤਵਪੂਰਨ ਸਿਧਾਂਤ ਮੰਨਿਆ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਮਨੁੱਖ ਨੂੰ ਸਾਰੇ ਜੀਵਾਂ ਨਾਲ ਭਾਵ ਮਨੁੱਖ ਅਤੇ ਪਸ਼ੂ ਪੰਛੀਆਂ ਨਾਂਲ ਪਿਆਰ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀ ਹੱਤਿਆ ਨਹੀਂ ਕਰਨੀ ਚਾਹੀਦੀ। ਮਹਾਤਮਾ ਬੁੱਧ ਨੇ ਮਾਸ ਖਾਣ ਦੀ ਨਿੰਦਿਆ ਵੀ ਕੀਤੀ। ਪਰੰਤੂ ਮਹਾਤਮਾ ਬੁਧ ਨੇ ਮਹਾਵੀਰ ਦੀ ਤਰ੍ਹਾਂ ਇਹ ਪ੍ਰਚਾਰ ਨਹੀਂ ਕੀਤਾ ਕਿ ਪੇੜ, ਪੋਦਿਆਂ ਅਤੇ ਪੱਥਰਾਂ ਵਿੱਚ ਵੀ ਜਾਨ ਹੈ।

V. **ਭਰਾਤਰੀ ਭਾਵ**- ਮਹਾਤਮਾ ਬੁਧ ਨੇ ਭਰਾਤਰੀ ਭਾਵ ਦੇ ਸਿਧਾਂਤ ਦਾ ਵੀ ਪ੍ਰਚਾਰ ਕੀਤਾ। ਉਹਨਾਂ ਨੈ ਸਾਰਿਆਂ ਨੂੰ ਆਪਸ ਵਿੱਚ ਮਿਲ ਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ। ਮਹਾਤਮਾ ਬੁਧ ਨੇ ਸਾਰੀਆਂ ਜਾਤੀਆਂ ਪ੍ਰਤੀ ਪ੍ਰੇਮ ਅਤੇ ਨਿਮਰਤਾ ਦਾ ਸਲੂਕ ਕਰਕੇ ਇੱਕ ਉਦਹਾਰਣ ਲੋਕਾਂ ਸਾਹਮਣੇ ਰੱਖਿਆ।

VI. **ਨਿਰਵਾਣ**- ਮਹਾਤਮਾ ਬੁਧ ਨੇ ਲੋਕਾਂ ਨੂੰ ਨਿਰਵਾਣ ਦਾ ਸਿਧਾਂਤ ਦਿੱਤਾ। ਇਸ ਦੇ ਅਨੁਸਾਰ ਮਨੁੱਖ ਦੇ ਜੀਵਨ ਦਾ ਮੁੱਖ ਉਦੇਸ਼ ਮਨ ਦੀ ਪੂਰਨ ਸ਼ਾਂਤੀ ਪ੍ਰਾਪਤ ਕਰਨਾ ਹੈ। ਜਿਸ ਦੀ ਪ੍ਰਾਪਤੀ ਲਈ ਤ੍ਰਿਸ਼ਨਾ ਦੀ ਸਮਾਪਤੀ ਜਰੂਰੀ ਹੈ। ਤ੍ਰਿਸ਼ਨਾ ਦੀ ਸਮਾਪਤੀ ਨੈਤਿਕਤਾ ਦੁਆਰਾ ਹੀ ਕੀਤੀ ਜਾ ਸਕਦੀ ਹੈ।

VII. **ਜਾਤੀ ਪ੍ਰਥਾ ਦਾ ਖੰਡਨ**- ਹਿੰਦੂ ਧਰਮ ਵਿੱਚ ਜਾਤੀ ਪ੍ਰਥਾ ਸਥਾਪਿਤ ਹੋ ਜਾਣ ਨਾਲ ਸਮਾਜ ਚਾਰ ਮੁੱਖ ਜਾਤਾਂ ਵਿੱਚ ਵੰਡਿਆ ਗਿਆ ਸੀ। ਉਚ ਜਾਤੀ ਦੇ ਲੋਕ ਜਿਵੇਂ:- ਬ੍ਰਾਹਮਣ ਅਤੇ ਕਸ਼ੱਤਰੀ ਨੀਵੀਂ ਜਾਤਾਂ ਜਿਵੇਂ ਵੈਸ਼, ਸ਼ੂਦਰ ਨਾਲ ਮੇਲ ਜੋਲ ਨਹੀਂ ਸਨ ਰੱਖਦੇ ਅਤੇ ਨਾ ਹੀ ਉਹਨਾਂ ਦਾ ਸਤਿਕਾਰ ਕਰਦੇ ਸਨ। ਮਹਾਤਮਾ ਬੁਧ ਨੇ ਬੁਧ ਧਰਮ ਵਿੱਚ ਜਾਤੀ ਪ੍ਰਥਾ ਨੂੰ ਕੋਈ ਸਥਾਨ ਨਾ ਦਿੱਤਾ ਅਤੇ ਸਭ ਨੂੰ ਇੱਕ ਸਮਾਨ ਸਮਝਿਆ ਜਾਣ ਲੱਗਾ। ਉਹਨਾਂ ਆਪਣੇ ਅਨੁਯਾਈਆਂ ਵਿੱਚ ਏਕਤਾ ਅਤੇ ਆਪਸੀ ਭਾਈਚਾਰੇ ਨੂੰ ਉਤਸ਼ਾਹਿਤ ਕੀਤਾ।

VIII. **ਯੱਗ ਅਤੇ ਬਲੀ ਵਿੱਚ ਅਵਿਸ਼ਵਾਸ**- ਹਿੰਦੂ ਧਰਮ ਵਿੱਚ ਯੱਗ ਅਤੇ ਬਲੀ ਨੂੰ ਮਹੱਤਵਪੂਰਨ ਮੰਨਿਆ ਗਿਆ ਸੀ। ਕਿਸੇ ਵੀ ਦੇਵੀ ਜਾਂ ਦੇਵਤੇ ਨੂੰ ਖੁਸ਼ ਕਰਨ ਲਈ ਬ੍ਰਾਹਮਣਾਂ ਤੋਂ ਯੱਗ ਅਤੇ ਉਸ ਉਪਰੰਤ ਬਲੀ ਦੀ ਰਸਮ ਕਰਵਾਉਂਦੇ ਸਨ। ਮਹਾਤਮਾ ਬੁਧ ਨੇ ਇਸ ਦਾ ਖੰਡਨ ਕੀਤਾ ਅਤੇ ਅਹਿੰਸਾ ਦਾ ਸਿਧਾਂਤ ਦਿੱਤਾ। ਜਿਸ ਅਨੁਸਾਰ ਬੁਧ ਧਰਮ ਵਿੱਚ ਕਿਸੇ ਵੀ ਜੀਵ, ਮਨੁੱਖ ਜਾਂ ਪਸ਼ੂ ਦੀ ਹੱਤਿਆ ਕਰਨ ਦੀ ਮਨਾਹੀ ਸੀ।

ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਨੂੰ ਸਾਹਿਤਬੱਧ ਕੀਤਾ ਗਿਆ ਅਤੇ ਇਹਨਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ:-

1. **ਸੂਤ-ਪਿਟਕ**- ਇਸ ਗ੍ਰੰਥ ਦੀ ਰਚਨਾ ਆਨੰਦ ਨੇ ਕੀਤੀ ਅਤੇ ਇਹ ਪਾਲੀ ਭਾਸ਼ਾਂ ਵਿੱਚ ਰਚਿਆ ਗਿਆ। ਇਸ ਗ੍ਰੰਥ ਵਿੱਚ ਬੁੱਧ ਧਰਮ ਦੇ ਸਿਧਾਂਤ ਮਹਾਤਮਾ ਬੁਧ ਦੇ ਆਪਣੇ ਸ਼ਬਦਾਂ ਵਿੱਚ ਦਿੱਤੇ ਗਏ ਹਨ। ਇਸ ਗ੍ਰੰਥ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਸਨੂੰ 'ਨਿਕਾਯ' ਕਿਹਾ ਜਾਂਦਾ ਹੈ:- ਦਿਗ ਨਿਕਾਯਾ, ਮੱਝਿਮ ਨਿਕਾਯ, ਸਮਯੁਤ ਨਿਕਾਯ, ਅਗੁਤਰ ਨਿਕਾਯਾ, ਖੂਹਦਕ ਨਿਕਾਯ।
2. **ਵਿਨੈ ਪਿਟਕ**- ਇਸ ਗ੍ਰੰਥ ਦੀ ਰਚਨਾ ਉਪਾਲੀ ਨੇ ਕੀਤੀ। ਇਸ ਗ੍ਰੰਥ ਵਿੱਚ ਭਿਕਸ਼ੂ ਅਤੇ ਭਿਕਸ਼ੂਣੀਆਂ ਦੇ ਜੀਵਨ ਸੰਬੰਧੀ ਨਿਯਮ ਦਰਜ ਹਨ।
3. **ਅਭਿਧਮ ਪਿਟਕ**- ਇਸ ਗ੍ਰੰਥ ਵਿੱਚ ਜੀਵਨ ਦਰਸ਼ਨ ਸੰਬੰਧੀ ਮਹਾਤਮਾ ਬੁੱਧ ਦੀਆਂ ਸਿੱਖਿਆ ਨੂੰ ਪ੍ਰਸ਼ਨ ਅਤੇ ਉਤਰ ਰੂਪ ਵਿੱਚ ਲਿਖਿਆ ਗਿਆ ਹੈ।

### 2.1.9 ਸਿੱਟਾ

ਇਸ ਪਾਠ ਵਿੱਚ ਬੁੱਧ ਧਰਮ ਦੇ ਸੰਸਥਾਪਕ ਗੌਤਮ ਬੁੱਧ ਦੇ ਜੀਵਨ ਉਪਰ ਚਾਨਣਾ ਪਾਇਆ ਗਿਆ ਹੈ। ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਨੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਇਸ ਤਰ੍ਹਾਂ ਬੁੱਧ ਧਰਮ ਦੇ ਆਰੰਭ ਅਤੇ ਵਿਕਾਸ ਬਾਰੇ ਜਾਣਕਾਰੀ ਮਿਲਦੀ ਹੈ।

### 2.1.10 ਅਭਿਆਸ ਲਈ ਪ੍ਰਸ਼ਨ

**ਵੱਡੇ ਪ੍ਰਸ਼ਨ**

1) ਭਗਵਾਨ ਬੁੱਧ ਦੇ ਜੀਵਨ ਬਾਰੇ ਲਿਖੋ।

2) ਬੁੱਧ ਧਰਮ ਦਾ ਸੰਸਥਾਪਕ ਕੌਣ ਸੀ? ਉਸਦੇ ਜੀਵਨ ਨਾਲ ਜਾਣ-ਪਹਿਚਾਣ ਕਰਾਓ।

**ਸੰਖੇਪ ਪ੍ਰਸ਼ਨ**

(1) ਲੁੰਬਨੀ

(2) ਗਾਯਾ

(3) ਸਿਧਾਰਥ

## 2.1.11 ਸਹਾਇਕ ਪੁਸਤਕਾਂ

1) ਸੰਸਾਰ ਦੇ ਪ੍ਰਮੁੱਖ ਧਰਮ, ਹਰਬੰਸ ਸਿੰਘ ਤੇ ਐਲ.ਐਮ.ਜੋਸ਼ੀ
2) ਬੁੱਧਇਜ਼ਮ, ਗੁਰਬਚਨ ਸਿੰਘ ਤਾਲਿਬ
3) ਭਾਰਤ ਦੇ ਪੁਰਾਤਨ ਧਰਮ : ਹਰਪਾਲ ਸਿੰਘ ਪੰਨੂ
4) ਭਾਰਤੀ ਦਰਸ਼ਨ : ਇਕਬਾਲ ਨਰਾਇਣ ਚੋਪੜਾ

ਪਾਠ ਨੰ. : 2.1 (ਬੀ)

## ਅਸ਼ਟਾਂਗ ਮਾਰਗ

ਮਹਾਤਮਾ ਬੁੱਧ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਪਹਿਲਾ ਉਪਦੇਸ਼ ਸਾਰਨਾਥ ਵਿਖੇ ਪੰਜ ਭਿਖੂਆਂ ਦਿੱਤਾ। ਇਸ ਉਪਦੇਸ਼ ਨੂੰ 'ਧਰਮ ਚੱਕਰ ਪਰਿਵਰਤਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ; ਇਸ ਵਿਚ ਚਾਰ ਆਰਯਸੱਚ (Noble truths) ਆਉਂਦੇ ਹਨ। ਇਹਨਾਂ ਚਾਰ ਆਰਯ ਸੱਚਾਂ ਵਿਚੋਂ ਅਸ਼ਟਾਂਗ ਮਾਰਗ ਚੌਥਾ ਆਰਯ ਸੱਚ ਹੈ।ਅਸ਼ਟਾਗ ਤੋਂ ਭਾਵ ਅੱਠ ਅੰਗਾਂ ਨਾਲ ਯੁਕਤ ਹੋਣ ਤੋਂ ਲਿਆ ਜਾਂਦਾ ਹੈ।ਅਸ਼ਟਾਗ ਮਾਰਗ ਨੂੰ ਮੱਧ ਮਾਰਗਵੀ ਕਿਹਾ ਜਾਂਦਾ ਹੈ, ਕਿਉਕਿ ਇਹ ਸਰੀਰ ਨੂੰ ਕਸ਼ਟ ਦੇਣ ਅਤੇ ਇੰਦਰੀ ਸੁੱਖਾਂ ਨੂੰ ਮਾਨਣ ਦਾ ਵਿੱਚਕਾਰਲਾ ਮਾਰਗ ਹੈ। ਇਸ ਮਾਰਗ ਅਨੁਸਾਰ ਸਰੀਰ ਨੂੰ ਕਸ਼ਟ ਦੇਣ ਅਤੇ ਇੰਦਰੀ ਸੁੱਖਾਂ ਨੂੰ ਮਾਨਣ ਦੇ ਵਿਚਕਾਰ ਸੰਤੁਲਨ ਕਾਇਮ ਕਰਕੇ ਦੁੱਖਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਮਹਾਤਮਾ ਬੁੱਧ ਅਨੁਸਾਰ, "ਹੇ ਭਿਖਸ਼ੂਓ ! ਕਿਸੇ ਵੀ ਪ੍ਰਵ੍ਰਜਿਤ (ਸੰਨਿਆਸੀ) ਨੂੰ ਦੋ ਅੰਤਾਂ (ਸੀਮਾਵਾਂ) ਦਾ ਬਹੁਤ ਜ਼ਿਆਦਾ ਭੋਗ ਨਹੀਂ ਕਰਨਾ ਚਾਹੀਦਾ। ਕਿਹੜੇ ਦੋ? ਪਹਿਲਾ ਇਹ ਜੋ ਹੀਣ (ਮਾੜਾ) ਪੇਂਡੂ, ਮੂਰਖਾਂ ਦੁਆਰਾ ਕਰਨਯੋਗ ਅਤੇ ਅਨਾਰਯ ਲੋਕਾਂ ਦੁਆਰਾ ਭੋਗੀਆਂ ਜਾਣ ਵਾਲੀਆਂ ਕਾਮ ਵਾਸਨਾਵਾਂ ਵਿੱਚ ਬਹੁਤਾ ਨਾ ਖਚਿਤ ਹੋਣਾ(ਕਾਮਸੁੱਖਲਿਕ ਅਨੁਯੋਗ); ਦੂਜਾ ਇਹ ਕਿ ਜੋ ਦੁਖਮਈ, ਆਪਣੇ ਲਈ ਕਸ਼ਟਮਈ, ਮੂਰਖਾਂ ਦੁਆਰਾ ਹੀ ਕਰਨਯੋਗ, ਅਨਾਰਯ ਲੋਕਾਂ ਦੁਆਰਾ ਭੋਗੇ ਜਾਣ ਵਾਲੇ ਅਤੇ ਅਨਰਥਕਾਰੀ ਕਠਿਨ ਤਪੱਸਿਆਵਾਂ ਵਿੱਚ ਲੱਗੇ ਰਹਿਣਾ (ਅੰਤਕਿਲਮਥਾਨੁਯੋਗ)। ਇਹਨਾਂ ਦੋਹਾਂ ਹੀ ਪ੍ਰਕਾਰ ਦੀਆਂ ਅਤੀਆਂ ਦੀ ਉਪੇਖਿਆ ਕਰਕੇ ਤਥਾਗਤ ਨੇ ਮੱਧ ਮਾਰਗ ਦੀ ਖੋਜ ਕੀਤੀ ਹੈ ਜੋ ਕਿ ਅੱਖਾਂ ਖੋਲਣ ਵਾਲਾ ਅਤੇ ਵਿਸ਼ੇਸ਼ ਗਿਆਨ ਪ੍ਰਦਾਨ ਕਰਨ ਵਾਲਾ ਹੈ; ਸ਼ਾਂਤੀ, ਗਿਆਨ, ਬੁੱਧਤਵ ਅਤੇ ਨਿਰਵਾਣ ਵੱਲ ਲੈ ਜਾਣ ਵਾਲਾ ਹੈ।"ਇਹਨਾਂ ਉਪਦੇਸ਼ਾਂ ਨਾਲ ਮਹਾਤਮਾ ਬੁੱਧ ਨੇ ਬੁੱਧ ਧਰਮ ਦੇ ਮੂਲ ਸਿਧਾਤਾਂ ਦੀ ਸਥਾਪਨਾ ਕੀਤੀ।

ਗੌਤਮ ਬੁੱਧ ਨੇ ਖੁਦ ਸਰੀਰ ਨੂੰ ਕਸ਼ਟ ਦੇ ਕੇ ਤਪੱਸਿਆ ਕੀਤੀ ਸੀ ਪਰ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਸਗੋਂ ਸਰੀਰ ਕਮਜੋਰ ਹੋ ਗਿਆ। ਗੌਤਮ ਬੁਧ ਨੂੰ ਇਹ ਗੱਲ ਸਮਝ ਲੱਗ ਗਈ ਸੀ ਕਿ ਸਰੀਰ ਨੂੰ ਕਸ਼ਟ ਦੇਣ ਨਾਲ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ ਬਲਕਿ ਇਸ ਲਈ ਦ੍ਰਿੜ ਇਰਾਦਾ ਚਾਹੀਦਾ ਹੈ ਪਰ ਸਰੀਰ ਦੇ ਕਮਜੋਰ ਹੋਣ ਨਾਲ ਇਰਾਦਾ ਵੀ ਕਮਜੋਰ ਹੋ ਜਾਂਦਾ ਹੈ। ਗੌਤਮ ਬੱਧ ਦੇ ਜੀਵਨ ਵਿੱਚ ਇੱਕ ਅਜਿਹੀ ਘਟਨਾ ਦਾ ਜਿਕਰ ਮਿਲਦਾ ਹੈ ਜਿਸ ਨੇ ਬੁੱਧ ਨੂੰ ਪ੍ਰਭਾਵਿਤ ਕੀਤਾ ਸੀ।ਇਹ ਘਟਨਾ ਦੋ ਸਤਰਾਂ ਦੇ ਅਰਥਾਂ ਨੂੰ ਸਮਝਣ ਨਾਲ ਜੁੜੀ ਹੋਈ ਹੈ ਜਿਸ ਨਾਲ ਗੌਤਮ ਬੱਧ ਨੇ ਆਪਣਾ ਫੈਸਲਾ ਬਦਲ ਲਿਆ ਸੀ ਅਤੇ ਖਾਣਾ ਪੀਣਾ ਸ਼ੁਰੂ ਕਰ ਦਿੱਤਾ ਸੀ:

*"ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆ ਢਿੱਲੀਆਂ ਨਾ ਛੱਡ ਕਿ ਸੰਗੀਤ ਪੈਦਾ ਨਾ ਹੋ ਸਕੇ।*

*ਆਪਣੀ ਸਿਤਾਰ ਦੀਆਂ ਤਾਰਾਂ ਨੂੰ ਇੰਨੀਆਂ ਨਾ ਕੱਸ ਕਿ ਇਹ ਟੁੱਟ ਜਾਣ।"*

ਇਹਨਾਂ ਸਤਰਾਂ ਦਾ ਪ੍ਰਭਾਵ ਬੁੱਧ ਦੀਆਂ ਸਿੱਖਿਆਵਾਂ ਵਿੱਚੋਂ ਵੀ ਵੇਖਿਆ ਜਾ ਸਕਦਾ ਹੈ ਜਿਸ ਨੂੰ ਆਧਾਰ ਬਣਾ ਕੇ ਉਹਨਾਂ ਨੇ ਮੱਧ ਮਾਰਗ ਜਾਂ ਅਸ਼ਟਾਂਗ ਮਾਰਗ ਦਾ ਉਪਦੇਸ਼ ਦਿੱਤਾ ਸੀ।

ਮਹਾਤਮਾ ਬੁੱਧ ਅਨੁਸਾਰ ਸੰਸਾਰ ਵਿੱਚ ਬਹੁਤ ਦੁੱਖ ਹਨ।ਦੁੱਖ ਵਿਆਪਤ ਹੋਣ ਦੇ ਕਈ ਕਾਰਣ ਹੁੰਦੇ ਹਨ ਪਰ ਇਹਨਾਂ ਦੁੱਖਾਂ ਅਤੇ ਉਹਨਾਂ ਦੇ ਕਾਰਣਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਲਈ ਮਾਰਗ ਚੌਥਾ ਆਰਯ ਸੱਚ ਹੈ।ਇਸ ਆਰਯ ਸੱਚ ਰਾਹੀਂ ਮਨੁਖ ਦੁੱਖਾਂ ਤੋਂ ਨਿਵਰਿਤ ਹੁੰਦਾ ਹੋਇਆਪਰਮ ਪਦ ਜਾਂ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ।ਨਿਰਵਾਣ ਪ੍ਰਾਪਤੀ ਲਈ ਅਸ਼ਟਾਂਗ ਮਾਰਗ (ਮੱਧ ਮਾਰਗ) ਜਿਸ ਦੇ ਅੱਠ ਅੰਗ ਹਨ ਸਹਾਈ ਹੁੰਦੇ ਹਨ:

- ਸਮਯਕ ਦ੍ਰਿਸ਼ਟੀ (Right Understanding)
- ਸਮਯਕ ਸੰਕਲਪ (Right Thought)
- ਸਮਯਕ ਵਚਨ (Right Speech)
- ਸਮਯਕ ਕਰਮ(Right Action)
- ਸਮਯਕ ਆਜੀਵਿਕਾ (Right Livelihood)
- ਸਮਯਕ ਵਯਾਯਾਮ (Right Effort)
- ਸਮਯਕ ਸਿਮਰਤੀ (Right Mindfulness)
- ਸਮਯਕ ਸਮਾਧੀ (Right Concentration)

- ਸਮਯਕ ਦ੍ਰਿਸ਼ਟੀ (Right Understanding): ਸਮਯਕ ਤੋਂ ਭਾਵ ਸਹੀ ਜਾਂ ਠੀਕ ਤੋਂ ਲਿਆ ਜਾਂਦਾ ਹੈ ਅਤੇ ਦ੍ਰਿਸ਼ਟੀ ਤੋਂ ਭਾਵ ਨਜ਼ਰੀਏ ਜਾਂ ਦ੍ਰਿਸ਼ਟੀਕੋਣ ਤੋਂ ਹੈ।ਵਸਤੂਆਂ ਨੂੰ ਉਹਨਾਂ ਦੇ ਯਥਾਰਥ ਰੂਪ ਵਿਚ ਜਾਣਨਾ ਸੱਚੀ ਦ੍ਰਿਸ਼ਟੀ ਹੈ।ਅਸ਼ਟਾਂਗ ਮਾਰਗ ਦੀ ਇਹ ਪਹਿਲੀ ਪੌੜੀ ਹੈ।ਇਕ ਮਨੁਖਚੰਗੀ ਦ੍ਰਿਸ਼ਟੀ ਨਾਲ ਹੀ ਚੰਗੀ ਸੋਚ ਦਾ ਮਾਲਕ ਬਣ ਸਕਦਾ ਹੈ। ਬੁੱਧ ਅਨੁਸਾਰ ਚਾਰ ਆਰਯ ਸੱਚ ਦਾ ਗਿਆਨ, ਪ੍ਰਤੀਤਸਮੁਤਪਾਦ ਦਾ ਗਿਆਨ ਹੀ ਸੱਚੀ ਦ੍ਰਿਸ਼ਟੀ ਹੈ। ਇਸ ਨਾਲ ਇਨਸਾਨ ਦੇ ਅੰਦਰ ਦਾ ਅਗਿਆਨ ਰੂਪੀ ਹਨੇਰਾ ਪ੍ਰਕਾਸ਼ ਵਿੱਚ ਤਬਦੀਲ ਹੋਣਾ ਸ਼ੁਰੂ ਹੋ ਜਾਂਦਾ ਹੈ।
- ਸਮਯਕ ਸੰਕਲਪ (Right Thought): ਅਸ਼ਟਾਂਗ ਮਾਰਗ ਦਾ ਦੂਜਾ ਕਦਮ ਸਹੀ ਸੰਕਲਪ ਹੈ।ਸੰਕਲਪ ਤੋਂ ਭਾਵ ਦ੍ਰਿੜ ਨਿਸਚਾ ਤੋਂ ਹੈ।ਦ੍ਰਿੜ ਇਰਾਦੇ ਨਾਲ ਦੂਸਰਿਆਂ ਪ੍ਰਤੀ ਬੁਰੇ ਵਿਚਾਰਾਂ ਨੂੰ ਤਿਆਗਣਾ ਅਤੇ ਖੁਦ ਸੰਜਮ ਨਾਲ ਸੱਚ ਦੇ ਰਾਹ ਤੇ ਚੱਲਣਾ ਹੀ ਸਹੀ ਸੰਕਲਪ ਹੈ।ਸੰਸਾਰਿਕ ਸੁੱਖਾਂ , ਲਾਲਚ, ਕਠੋਰਤਾ, ਹਿੰਸਾ ਨੂੰ ਤਿਆਗਣਾ ਅਤੇ ਚੰਗੇ ਵਿਚਾਰਾਂ ਨੂੰ ਧਾਰਨ ਕਰਨਾ ਵੀ ਇਸੇ ਵਿਚ ਆਉਂਦਾ ਹੈ।ਡਾ.ਰਿਤੂਰਾਜ ਲਿਖਦੇ ਹਨ ਕਿ, "ਸਮਯਕ ਸੰਕਲਪ ਦੁਆਰਾ ਦੋ ਉਦੇਸ਼ਾ ਦੀ ਪੂਰਤੀ ਹੁੰਦੀ ਹੈ (1) ਇਹ ਬੁਰੇ ਵਿਚਾਰਾਂ ਨੂੰ ਖਤਮ ਕਰਦਾ ਹੈ ਅਤੇ (2) ਚੰਗੇ ਵਿਚਾਰ ਨੂੰ ਪੈਦਾ ਕਰਦਾ ਹੈ।"
- ਸਮਯਕ ਵਚਨ (Right Speech): ਸਮਯਕ ਵਚਨ ਤੋਂ ਭਾਵ ਸੱਚਾ ਵਚਨ। ਸੱਚਾ ਵਚਨਸੱਚੇ ਸੰਕਲਪ ਦਾ ਪ੍ਰਗਟਾਵਾ ਜਾਂ ਬਾਹਰੀ ਰੂਪ ਹੈ।ਇਸ ਵਚਨ ਅਨੁਸਾਰ ਬੁੱਧ ਨੇ ਹਮੇਸ਼ਾਂ ਸੱਚ ਬੋਲਣ ਦੀ ਸਿੱਖਿਆ ਦਿੱਤੀ ਹੈ। ਝੂਠ ਨਾ ਬੋਲਣਾ, ਬੁਰਾਈ ਨਾ ਕਰਨਾ, ਕਠੋਰ ਵਚਨ ਨਾ ਬੋਲਣਾਸੱਚੇ ਵਚਨ ਦੇ ਰੂਪ

ਹਨ।ਦੂਸਰਿਆਂ ਨਾਲ ਵਾਰਤਾਲਾਪ ਕਰਦੇ ਸਮੇਂ ਅਜਿਹੇ ਨਿਮਰ ਵਚਨਾਂ ਦੀ ਵਰਤੋਂ ਕਰੋ, ਜੋ ਦੂਸਰਿਆਂ ਨੂੰ ਸੁਨਣ ਵਿੱਚ ਪਿਆਰੇ ਅਤੇ ਸੁੱਖਦਾਇਕ ਲੱਗਣ।ਧੱਮਪਦ ਵਿਚ 'ਸ਼ੁਭ ਅਮਲਾਂ ਬਾਝੋਂ ਬੋਲੇ ਗਏ ਮਿੱਠੇ ਬੋਲਾਂ ਦੀ ਤੁਲਨਾ ਸੁਗੰਧ ਵਿਹੁਣੇ ਫੁਲਾਂ ਨਾਲ ਕੀਤੀ ਗਈ ਹੈ'।ਸਭ ਦੇ ਨਾਲ ਮੈਤਰੀ ਭਾਵਨਾ, ਕਰੁਣਾ ਨਾਲ ਵਰਤ-ਵਿਹਾਰ ਕਰਨਾ, ਚੰਗਾ ਬੋਲਣਾ ਹੀ ਸਮਯਕ ਵਚਨ ਦੇ ਮੁੱਖ ਅੰਗ ਹਨ। ਇਸ ਤਰ੍ਹਾਂ ਕਰਨ ਨਾਲ ਸਮਾਜ ਵਿੱਚ ਸ਼ਾਂਤੀ ਪੈਦਾ ਹੁੰਦੀ ਹੈ ਅਤੇ ਇਨਸਾਨ ਦਾ ਮਨ ਵੀ ਸਾਰੇ ਭੇਦਭਾਵਾਂ ਤੋਂ ਪਰ੍ਹੇ ਨਿਰਮਲ ਅਤੇ ਸ਼ਾਂਤ ਹੁੰਦਾ ਹੈ।

- ਸਮਯਕ ਕਰਮ (Right Action): ਸਮਯਕ ਕਰਮ ਦਾ ਅਰਥ ਬੁਰੇ ਕਰਮਾਂ ਦਾ ਤਿਆਗ।ਇਸ ਅਨੁਸਾਰ ਉਹਨਾਂ ਸਭ ਕੰਮਾਂ ਦੀ ਮਨਾਹੀ ਹੈ ਜੋ ਦੂਸਰੇ ਦੀ ਜ਼ਿੰਦਗੀ ਨੂੰ ਦੁੱਖਦਾਈ ਬਣਾਉਂਦੇ ਹਨ। ਜੀਵ ਹੱਤਿਆ, ਚੋਰੀ,ਜੂਆ,ਨਸ਼ਾ ਅਤੇ ਕਾਮ ਵਾਸਨਾ ਆਦਿ ਸਮਾਜ ਵਿਰੋਧੀ ਕਰਮਾਂ ਦੇ ਤਿਆਗ ਨੂੰ ਹੀ ਸੱਚਾ ਕਰਮ ਕਿਹਾ ਗਿਆ ਹੈ।ਇਸ ਤਿਆਗ ਦੇ ਨਾਲ ਹੀ ਤ੍ਰਿਸ਼ਨਾ, ਕ੍ਰੋਧ, ਮੋਹ ਆਦਿ ਵਿਚਾਰਾਂ ਦਾ ਵੀ ਖਾਤਮਾ ਹੋਣਾ ਸ਼ੁਰੂ ਹੋ ਜਾਂਦਾ ਹੈ।ਮਹਾਤਮਾ ਬੁੱਧ ਨੇ ਬੁਰੇ ਕੰਮਾਂ ਦੇ ਨਾਲ-ਨਾਲ ਬੁਰੇ ਕੰਮਾਂ ਬਾਰੇ ਸੋਚਣਾ ਵੀ ਨੈਤਿਕਤਾ ਦੇ ਘੇਰੇ ਤੋਂ ਬਾਹਰ ਦੱਸਿਆ ਹੈ।
- ਸਮਯਕ ਆਜੀਵੀਕਾ (Right Livelihood): ਸਮਯਕ ਆਜੀਵਿਕਾ ਦਾ ਅਰਥ ਈਮਾਨਦਾਰੀ ਨਾਲ ਜੀਵਨ ਜਿਉਣਾ ਹੈ।ਝੂਠ ਫਰੇਬ ਭਰੀ ਆਜੀਵਿਕਾ ਤਿਆਗ ਕੇ ਚੰਗੀ ਆਜੀਵਿਕਾ ਨੂੰ ਅਪਨਾਉਣ ਤੇ ਜੋਰ ਦਿੱਤਾ ਗਿਆ ਹੈ।ਮਹਾਤਮਾ ਬੁੱਧ ਅਨੁਸਾਰ ਉਹ ਆਜੀਵੀਕਾ ਅਪਣਾਓ ਜੋ ਸਮਾਜੀ ਜੀਵਨ ਵਿੱਚ ਅੜਚਨ ਦੀ ਬਜਾਏ ਲੋਕ ਕਲਿਆਣ ਦਾ ਕਾਰਣ ਬਣੇ ਕਿਉਂਕਿ ਆਜੀਵੀਕਾ ਇਨਸਾਨ ਦੀ ਆਤਮਨਿਰਭਰਤਾ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਦੇ ਨਾਲ-ਨਾਲ ਸਮਾਜ ਦੀ ਸੇਵਾ ਦਾ ਮਾਧਿਅਮ ਵੀ ਹੈ। ਇਸ ਲਈ ਸ਼ੁੱਧ ਆਜੀਵੀਕਾ ਹੀ ਪਰਿਵਾਰ ਅਤੇ ਸਮਾਜ ਲਈ ਸਹੀ ਹੈ।ਬੁੱਧ ਨੇ ਕੁੱਝ ਵਪਾਰਾਂ ਦੀ ਮਨਾਹੀ ਕੀਤੀ ਹੈ: ਜਿਵੇਂ ਸ਼ਸਤਰਾਂ ਦਾ ਵਪਾਰ, ਪਸ਼ੂ-ਪੰਛੀਆਂ ਦਾ ਵਪਾਰ, ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦਾ ਵਪਾਰ, ਮਾਸ ਦਾ ਵਪਾਰ ਅਤੇ ਜ਼ਹਿਰੀਲੀਆਂ ਚੀਜ਼ਾਂ ਦਾ ਵਪਾਰ ਆਦਿ।ਇਕ ਮਨੁਖ ਨੂੰ ਜੀਵਨ ਨਿਰਵਾਹ ਲਈ ਚੋਰੀ, ਡਕੈਤੀ, ਰਿਸ਼ਵਤ ਆਦਿ ਬੁਰਾਈਆਂ ਨੂੰ ਤਿਆਗ ਕੇ ਚੰਗਾ ਕਿੱਤਾ ਅਪਨਾਉਣ ਦੀ ਸਿੱਖਿਆ ਦਿੱਤੀ ਗਈ ਹੈ।
- ਸਮਯਕ ਵਯਾਯਾਮ (Right Effort): ਸਮਯਕ ਵਯਾਯਾਮ ਦਾ ਭਾਵ ਸੱਚੀ ਕੋਸ਼ਿਸ਼ ਜਾਂ ਯਤਨ ਤੋਂ ਹੈ।ਮਨ ਵਿਚ ਚੰਗੇ ਵਿਚਾਰਾਂ ਨੂੰ ਸਥਾਪਤ ਕਰਨ ਦਾ ਪ੍ਰਯਤਨ ਹੀ ਸਮਯਕ ਵਯਾਯਾਮ ਕਹਾਉਂਦਾ ਹੈ।ਬੁਰੇ ਵਿਚਾਰਾਂ ਦੀ ਨਿਕਾਸੀ ਅਤੇ ਚੰਗੇ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਮਨ ਨੂੰ ਵਸ ਵਿੱਚ ਕਰਕੇ ਕੁਸ਼ਲ ਕੰਮ ਅਤੇ ਉਂਚੀ ਸੋਚ ਦੇ ਮਾਲਕ ਬਣਿਆ ਜਾ ਸਕੇ।ਇਸ ਨੂੰ ਦ੍ਰਿੜ ਕਰਨ ਲਈ ਚਾਰ ਪ੍ਰਕਾਰ ਦੇ ਯਤਨ ਕਰਨ ਦਾ ਵਰਨਣ'ਬੱਧ ਧਰਮ ਦੀ ਰੂਪ-ਰੇਖਾ' ਪੁਸਤਕ ਵਿਚ ਇਸ ਤਰ੍ਹਾਂ ਮਿਲਦਾ ਹੈ:

- ਉਹਨਾਂ ਬੁਰਾਈਆਂ ਨੂੰ ਦੂਰ ਕਰਨ ਦਾ ਯਤਨ ਕਰਨਾ,ਜੋ ਮਨੁੱਖ ਦੇ ਅੰਦਰ ਪੈਦਾ ਹੋ ਚੱਕੀਆਂ ਹਨ।
- ਉਹਨਾਂ ਬੁਰਾਈਆਂ ਨੂੰ ਪੈਦਾ ਨਾ ਹੋਣ ਦੇਣ ਦਾ ਯਤਨ ਕਰਨਾ ਜੋ ਮਨੁਖ ਵਿਚ ਪੈਦਾ ਨਹੀਂ ਹੋਈਆਂ।

– ਉਹਨਾਂ ਚੰਗਿਆਈਆਂ ਨੂੰ ਪੈਦਾ ਕਰਨ ਦਾ ਯਤਨ,ਜਿਹੜੀਆਂ ਅਜੇ ਪੈਦਾ ਨਹੀਂ ਹੋਈਆਂ।

– ਉਹਨਾਂ ਚੰਗਿਆਈਆਂ ਨੂੰ ਹੋਰ ਜਿਆਦਾ ਵਧਾਉਣ ਦਾ ਯਤਨ ਕਰਨਾ ਜੋ ਮੱਨੁਖ ਦੇ ਅੰਦਰ ਪਹਿਲਾਂ ਤੋਂ ਹੀ ਮੌਜੂਦ ਹਨ।ਇਹਨਾਂ ਯਤਨਾਂ ਨੂੰ ਜੀਵਨ ਵਿਚ ਦ੍ਰਿੜ ਕਰਨਾ ਹੀ ਮਨੁਖ ਦਾ ਮੁਖ ਮਨੋਰਥ ਹੈ।

- ਸਮਯਕ ਸਿਮਰਤੀ (Right Mindfulness): ਸਮਯਕ ਸਿਮਰਤੀ ਤੋਂ ਭਾਵ ਮਨ ਦੇ ਜਾਗਰੂਕ ਹੋਣ ਤੋਂ ਹੈ।ਜਿਹੜੇ ਚੰਗੇ ਵਿਚਾਰਾਂ ਦਾ ਗਿਆਨ ਹੋ ਚੁੱਕਿਆ ਉਸ ਨੂੰ ਯਾਦ ਰੱਖਣਾ ਹੀ ਸਹੀ ਸਿਮਰਤੀ ਕਹਾਉਂਦਾ ਹੈ।ਸਮਯਕ ਸਿਮਰਤੀ ਤਹਿਤ ਚਾਰ ਗੱਲਾਂ ਸਾਹਮਣੇ ਆਉਂਦੀਆਂ ਹਨ; ਪਹਿਲੀ ਸਰੀਰ ਦੇ ਪ੍ਰਤਿ ਜਾਗਰੂਕ ਰਹਿਣਾ, ਦੂਸਰੀ ਹਰ ਤਰ੍ਹਾਂ ਦੀ ਵੇਦਨਾ ਪ੍ਰਤਿ ਜਾਗਰੂਕ ਹੋਣਾ, ਤੀਸਰੀ ਹਰ ਪ੍ਰਕਾਰ ਦੇ ਵਿਚਾਰਾਂ ਪ੍ਰਤਿ ਚੇਤੰਨ ਹੋਣਾ ਅਤੇ ਚੌਥੀਅਤੇ ਅੰਤਿਮ, ਚਿੱਤ ਨਾਲ ਸੰਬੰਧਤਧਰਮਾਂ ਦੇ ਪ੍ਰਤਿ ਜਾਗਰੂਕ ਰਹਿਣਾ ਹੈ।ਮਨੁਖ ਨੂੰ ਚੰਗੇ ਵਿਚਾਰਾਂ ਦਾ ਗਿਆਨ ਹੋਣਾ ਚਾਹੀਦਾ ਹੈ ਅਤੇ ਆਪਣੀ ਸਿਮਰਤੀ ਵਿਚ ਇਹਨਾਂ ਨੂੰ ਰੱਖ ਕੇ ਇਨ੍ਹਾਂ ਪ੍ਰਤਿ ਦ੍ਰਿੜ ਨਿਸ਼ਚਾ ਵੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਵਿਅਕਤੀ ਪਰਮ ਪਦ ਪਾ ਸਕਦਾ ਹੈ।
- ਸਮਯਕ ਸਮਾਧੀ (Right Concentration): ਇਹ ਅਸ਼ਟਾਂਗ ਮਾਰਗ ਦੀ ਅੰਤਿਮ ਪੌੜੀ ਹੈ।ਸੱਚੀ ਸਮਾਧੀ ਤੋਂ ਭਾਵ ਧਿਆਨ ਨੂੰ ਇਕ ਨੁਕਤੇ ਉਤੇ ਕੇਂਦਰਿਤ ਕਰਨਾ।ਅਸ਼ਟਾਂਗ ਮਾਰਗ ਦੇ ਬਾਕੀ ਸਾਰੇ ਨਿਯਮਾਂ ਦੀ ਪਾਲਨਾ ਕਰਨ ਵਾਲਾ ਸਾਧਕ ਸਮਯਕ ਸਮਾਧੀ ਦੇ ਕਾਬਿਲ ਬਣ ਜਾਂਦਾ ਹੈ। ਸਮਾਧੀ ਦੇ ਪ੍ਰਮੁੱਖ ਦੋ ਭੇਦ ਦਿੱਤੇ ਹਨ– ਰੂਪ ਸਮਾਧੀ ਅਤੇ ਅਰੂਪ ਸਮਾਧੀ।ਚਿੱਤ ਦੀ ਇਕਾਗਰਤਾ ਜਦੋਂ ਰੂਪਵਾਨ ਜਾਂ ਆਕਾਰ, ਵਰਗ ਵਿਸ਼ੇ ਤੇ ਹੁੰਦੀ ਹੈ ਤਾਂ ਰੂਪ ਸਮਾਧੀ ਕਹਿਲਾਉਂਦੀ ਹੈ।ਜਦੋਂ ਅਰੂਪਵਾਨ ਵਿਸ਼ੇ ਤੇ ਇਕਾਗਰਤਾ ਹੁੰਦੀ ਹੈ ਤਾਂ ਅਰੂਪ ਸਮਾਧੀ ਵਜੋਂ ਪਰਿਭਾਸ਼ਿਤ ਕੀਤੀ ਜਾਂਦੀ ਹੈ।ਸਮਾਧੀ ਦੇ ਚਾਰ ਪੜਾਅ ਹਨ;ਪਹਿਲੇ ਵਿਚ ਮਨ ਸ਼ਾਤ ਤਾਂ ਹੁੰਦਾ ਹੈ ਪਰ ਧਿਆਨ ਖਤਮ ਹੋਣ ਤੇ ਮੁੜ ਸ਼ੰਕੇ ਪੈਦਾ ਹੋਣ ਲੱਗ ਸਕਦੇ ਹਨ।ਦੂਜਾ ਸਾਰੀਆਂ ਬੌਧਿਕ ਕਿਰਿਆਵਾਂ ਸ਼ਾਤ ਹੋ ਜਾਂਦੀਆ ਹਨ ਅਤੇ ਚਿਤ ਦੀ ਇਕਾਗਰਤਾ ਵਿਕਸਤ ਹੁੰਦੀ ਹੈ।ਤੀਜੀ ਅਵਸਥਾ ਵਿਚ ਮਨ ਅਨੰਦ ਨਾਲ ਭਰ ਜਾਦਾ ਹੈ ਅਤੇ ਚੌਥੀ ਅਵਸਥਾ ਵਿਚ ਸਭ ਤਰ੍ਹਾਂ ਦੀਆਂ ਅਨੁਭੂਤੀਆਂ ਖਤਮ ਹੋ ਜਾਂਦੀਆ ਹਨ,ਸਿਰਫ ਪੂਰਨ ਸ਼ਾਤੀ ਅਤੇ ਜਾਗਰੂਕਤਾ ਦੀ ਸਥਿਤੀ ਮੌਜੂਦ ਹੁੰਦੀ ਹੈ।ਇਥੇ ਪਹੁੰਚ ਕੇ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਇਹ ਅਸ਼ਟਾਂਗ ਮਾਰਗ ਇਕ ਸਤਿ ਮਾਰਗ ਹੈ ਜਿਸ ਨੂੰ ਹਰੇਕ ਮਨੁੱਖ ਧਾਰਨ ਕਰ ਸਕਦਾ ਹੈ।ਇਹ ਮਾਰਗ ਆਤਮ ਸੰਜਮ ਦਾ ਮਾਰਗ ਹੈ, ਇਹ ਮਨੁੱਖ ਦੀਆਂ ਸਰੀਰਕ,ਮਾਨਸਿਕ ਕਿਰਿਆਵਾਂ ਨੂੰ ਕਾਬੂ ਵਿਚ ਕਰਕੇ ਆਤਮ ਵਿਕਾਸ ਲਈ ਸਹਾਈ ਬਣਦਾ ਹੈ। ਇਸ ਤਰ੍ਹਾਂ ਆਤਮਾ ਦੇ ਸ਼ੁਧ ਹੋਣ ਨਾਲ ਨਿਰਵਾਣ ਤੱਕ ਪਹੁੰਚਿਆ ਜਾ ਸਕਦਾ ਹੈ।

ਪਾਠ ਨੰ. : 2.2

## ਬੁੱਧ ਧਰਮ ਦੇ ਮੁੱਖ ਸਿਧਾਂਤ ਜਾਂ ਚਾਰ ਆਰਯ ਸੱਚ

ਰੂਪ-ਰੇਖਾ:

2.2.1 ਉਦੇਸ਼
2.2.2 ਭੂਮਿਕਾ
2.2.3 ਚਾਰ ਆਰਯ ਸੱਚ
2.2.4 ਨਿਰਵਾਣ
2.2.5 ਪ੍ਰਤੀਤ-ਸਮੁੱਤਪਾਦ
2.2.6 ਬੁੱਧ ਧਰਮ ਦਾ ਸਿਧਾਂਤਕ ਵਿਕਾਸ
2.2.7 ਬੁੱਧ ਧਰਮ ਦਾ ਦਾਰਸ਼ਨਿਕ ਵਿਕਾਸ
2.2.8 ਸਿੱਟਾ
2.2.9 ਅਭਿਆਸ ਲਈ ਪ੍ਰਸ਼ਨ
2.2.10 ਸਹਾਇਕ ਪੁਸਤਕਾਂ

### 2.2.1 ਉਦੇਸ਼:

ਇਸ ਅਧਿਆਇ ਵਿੱਚ ਬੁੱਧ ਦੁਆਰਾ ਦਿੱਤੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਬੁੱਧ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਧਰਮ ਦਾ ਪ੍ਰਚਾਰ ਕੀਤਾ ਅਤੇ ਆਪਣੇ ਚੇਲਿਆਂ ਨੂੰ ਜੀਵਨ ਦੇ ਅਸਲੀ ਮਨੋਰਥ ਬਾਰੇ ਦੱਸਿਆ ਕਿ ਚਾਰ ਆਰਯ ਸੱਚ ਬੁੱਧ ਧਰਮ ਦਾ ਅਧਾਰ ਹਨ।

### 2.2.2 ਭੂਮਿਕਾ:

ਕਠਿਨ ਤਪੱਸਿਆ ਤੋਂ ਬਾਅਦ ਗਯਾ ਵਿਚ ਬੋਹੜ ਦੇ ਦਰਖਤ ਹੇਠ ਬੈਠ ਕੇ ਗੋਤਮ ਨੂੰ ਗਿਆਨ ਦੀ ਪ੍ਰਾਪਤੀ ਹੋਈ ਕਿ ਸਰੀਰ ਨੂੰ ਕਸ਼ਟ ਦੇਣ ਨਾਲ, ਭੁੱਖੇ ਪਿਆਸੇ ਰਹਿਣ ਨਾਲ ਧਰਮ ਤੇ ਗਿਆਨ ਦਾ ਕੋਈ ਸੰਬੰਧ ਨਹੀਂ। ਉਸ ਨੇ ਅੰਨ ਜਲ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ, ਭਾਵੇਂ ਇਹ ਦੇਖ ਕੇ ਉਸ ਦੇ ਨਾਲ ਰਹਿਣ ਵਾਲੇ ਚੇਲੇ ਉਸ ਨੂੰ ਪਥਭ੍ਰਿਸ਼ਟ ਹੋਇਆ ਸਮਝ ਕੇ ਭੱਜ ਗਏ ਸਨ। ਹੁਣ ਇਸ ਪ੍ਰਕਾਸ਼ ਦੇ ਲਈ ਜਿਹੜਾ ਸਿਧਾਰਥ ਨੂੰ ਹੋਇਆ ਸੀ ਪ੍ਰਚਾਰ ਦੀ ਲੋੜ ਸੀ ਤੇ ਇਹ ਭੇਦ ਕਿਸੇ ਪਾਸ ਖੋਲਿਆ ਜਾਵੇ। ਸਿਧਾਰਥ ਨੂੰ ਆਪਣੇ ਅਧਿਆਪਕ ਰਿਸ਼ੀਆਂ ਦੀ ਯਾਦ ਆਈ, ਪਰੰਤੂ ਪਤਾ ਲੱਗਾ ਕਿ ਉਹਨਾਂ ਦੀ ਮੌਤ ਹੋ ਚੁੱਕੀ ਹੈ। ਫਿਰ ਉਸ ਨੇ ਸੋਚਿਆ ਉਹਨਾਂ ਪੰਜ ਤਪੱਸਵੀਆਂ ਨੂੰ ਉਪਦੇਸ਼ ਦਿੱਤਾ ਜਾਵੇ ਜਿਹੜੇ ਉਸ ਨੂੰ ਪਥ-ਭ੍ਰਿਸ਼ਟ ਹੋਇਆ ਆਖ ਕੇ ਛੱਡ ਗਏ ਸਨ। ਉਸ ਨੂੰ ਪਤਾ ਲੱਗਾ ਕਿ ਉਹ ਬਨਾਰਸ ਲਾਗੇ ਸਾਰਨਾਥ ਵਿਖੇ ਹਨ। ਉੱਥੇ ਗੌਤਮ ਬੁੱਧ ਨੇ 'ਰਿਸ਼ੀ ਪਤਨ' ਦੇ ਸਥਾਨ ਤੇ ਇਹਨਾਂ ਪੰਜ ਤਪੱਸਵੀਆਂ ਨੂੰ ਆਪਣਾ ਉਪਦੇਸ਼ ਦਿੱਤਾ, ਜਿਹੜਾ ਧਰਮ ਚੱਕਰ ਪਰਿਵਰਤਨ ਸੂਤ੍ਰ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਪਹਿਲੇ ਉਪਦੇਸ਼ ਵਿਚ ਬੁੱਧ ਨੇ ਚਾਰ ਆਰਯ ਸੱਚਾਂ ਦਾ ਵਿਵੇਚਨ ਕੀਤਾ ਜਿਹਨਾਂ ਦੀ ਵਿਆਖਿਆ ਬੁੱਧ ਧਰਮ ਦੇ ਗ੍ਰੰਥ ਮਹਾਂਵੱਗ ਵਿਚ ਪ੍ਰਾਪਤ ਹੁੰਦੀ ਹੈ। ਬੁੱਧ ਧਰਮ ਅਤੇ ਫਿਲਾਸਫੀ ਦੇ ਆਧਾਰ ਵਿਚ ਇਹੀ ਚਾਰ ਆਰਯ ਸੱਚ ਵਿੱਦਮਾਨ ਹਨ।

### 2.2.3 ਚਾਰ ਆਰਯ ਸੱਚ

ਇਹ ਚਾਰ ਸੱਚ ਹਨ – ਦੁੱਖ, ਦੁੱਖ ਦਾ ਕਾਰਨ, ਦੁੱਖ ਦਾ ਨਿਰੋਧ ਤੇ ਦੁੱਖ-ਨਿਰੋਧ-ਮਾਰਗ। ਸਾਧਾਰਨ ਭਾਸ਼ਾ ਵਿਚ ਅਸੀਂ ਇਹਨਾਂ ਚਾਰ ਆਰਯ ਸੱਚਾਂ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ : (1) ਦੁੱਖ ਹਨ, (2) ਦੁੱਖਾਂ ਦਾ ਕੋਈ ਕਾਰਨ ਹੈ, (3) ਦੁੱਖਾਂ ਦਾ ਅੰਤ ਸੰਭਵ ਹੈ, (4) ਦੁੱਖਾਂ ਦਾ ਅੰਤ ਕਰਨ ਦਾ ਕੋਈ ਰਸਤਾ ਹੈ। ਇਹਨਾਂ ਨੂੰ ਚਾਰ ਆਰਯ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹਨਾਂ ਦੀ ਗਿਣਤੀ ਚਾਰ ਹੈ। ਇਹ ਆਰਯ ਹਨ ਕਿਉਂਕਿ ਇਹ ਅਨਾਦਿ ਹਨ। ਹਮੇਸ਼ਾਂ ਲਈ ਸੱਚ ਹਨ। ਹਰ ਸਮੇਂ ਵਿਚ ਹਰ ਥਾਂ ਨਜ਼ਰ ਆਉਂਦੇ ਹਨ। ਇਸ ਲਈ ਸਤਯ ਕਿਹਾ ਗਿਆ ਹੈ। ਸਚਾਈ ਤੇ ਆਧਾਰਿਤ ਹਨ। ਇਹਨਾਂ ਦਾ ਗਲਤ ਹੋਣਾ ਸਿੱਧ ਨਹੀਂ ਹੋ ਸਕਦਾ।

### 1. ਪਹਿਲਾ ਆਰਯ ਸੱਚ (ਦੁੱਖ ਹਨ) :

ਬੁੱਧ ਧਰਮ ਅਤੇ ਦਰਸ਼ਨ ਵਿਚ ਦੁੱਖ ਦਾ ਸੰਕਲਪ ਬਹੁਤ ਵਿਆਪਕ ਅਤੇ ਮਹੱਤਵ ਪੂਰਨ ਸੰਕਲਪ ਹੈ। ਸਾਰਾ ਸੰਸਾਰ ਦੁੱਖਾਂ ਦੀ ਲਪੇਟ ਵਿਚ ਹੈ। ਅਸਲ ਵਿਚ ਜੋ ਸੁੱਖ ਦਿਖਾਈ ਦਿੰਦੇ ਹਨ, ਉਹ ਦੁੱਖ ਹੀ ਹਨ ਕਿਉਂਕਿ ਸੁਖ ਸਦੀਵੀ ਨਹੀਂ, ਛਿੰਨ ਭੰਗਰ ਸੁੱਖ, ਦੁੱਖਾਂ ਦਾ ਕਾਰਨ ਬਣਦਾ ਹੈ। ਮਨੁੱਖ ਅਸਥਾਈ ਵਸਤੂਆਂ ਦੀ ਇੱਛਾ ਕਰਦਾ ਹੈ, ਸਥਾਈ ਵਸਤੂ ਦੀ ਇੱਛਾ ਨਹੀਂ ਕਰਦਾ।

ਦੁੱਖ ਸ਼ਬਦ ਦੋ ਅੱਖਰ 'ਦ' ਅਤੇ 'ਖ' ਦੇ ਮੇਲ ਤੋਂ ਬਣਿਆ ਹੈ। 'ਦ' ਦਾ ਅਰਥ ਹੈ ਕਠਿਨ ਅਤੇ 'ਖ' ਦਾ ਅਰਥ ਹੈ ਸਹਨ। ਭਾਵ ਜਿਸ ਨੂੰ ਕਠਿਨਾਈ ਨਾਲ ਸਹਿਨ ਕੀਤਾ ਜਾਵੇ ਉਹ ਦੁੱਖ ਹੈ। ਬੁੱਧ ਅਨੁਸਾਰ ਸੰਸਾਰ ਵਿਚ ਚਾਰ ਚੁਫੇਰੇ ਦੁੱਖ ਹੀ ਦੁੱਖ ਹਨ। ਜੀਵਨ ਨਾਲ ਸੰਬੰਧਿਤ ਹਰ ਘਟਨਾ ਦੁੱਖ ਭਰੀ ਹੈ। ਜੀਵਨ ਦੇ ਅੰਤ ਤੱਕ ਸਾਰਾ ਜੀਵਨ ਦੁੱਖ ਵਿਚ ਵਿਚਰਦਾ ਹੈ ਮਨੁੱਖ ਇਸ ਨੂੰ ਸਮਝ ਨਹੀਂ ਸਕਦਾ। ਕਈ ਵਾਰ ਅਗਿਆਨਤਾ ਕਾਰਨ ਮਨੁੱਖ ਦੁੱਖ ਨੂੰ ਨਾ ਸਮਝ ਕੇ ਵਕਤੀ ਸੁਖ ਵਿਚ ਬੜਾ ਅਨੰਦ ਲੈਂਦਾ ਹੈ ਪਰੰਤੂ ਇਹ ਖੁਸ਼ੀ ਸਮਾਂ ਪਾ ਕੇ ਦੁੱਖ ਵਿਚ ਤਬਦੀਲ ਹੋ ਜਾਂਦੀ ਹੈ। ਸੰਸਾਰ ਵਿਚ ਧਨ ਦੌਲਤ, ਮੋਹ ਮਾਇਆ ਕਾਰਨ ਇਨਸਾਨ ਸੁਖ ਨਹੀਂ ਪ੍ਰਾਪਤ ਕਰ ਸਕਦਾ। ਜੰਮਣਾ, ਮਰਨਾ, ਬੁਢਾਪਾ, ਸੋਗ, ਸੰਤਾਪ, ਚਿੰਤਾ ਆਦਿ ਦੁੱਖ ਹੀ ਦੁੱਖ ਹਨ। ਇੱਛਿਆ ਦਾ ਪੂਰਾ ਹੋਣਾ ਦੁੱਖ ਹੈ, ਮਨ ਭਾਉਂਦੇ ਨਾਲੋਂ ਵਿਯੋਗ, ਦੁੱਖ ਹੈ, ਨਾ ਚਾਹੇ ਨਾਲ ਮੇਲ ਦੁੱਖ ਹੈ। ਪਾਲੀ ਗ੍ਰੰਥ ਸਮਯੁਤ ਨਿਕਾਯ ਦੇ 'ਸਾਗਥ ਵੱਗ' ਵਿਚ ਦੁੱਖ ਦਾ ਵਿਸਤਾਰ-ਪੂਰਵਕ ਵਰਣਨ ਕੀਤਾ ਹੋਇਆ ਹੈ। ਦੁੱਖ ਬਾਰੇ ਉਪਦੇਸ਼ ਦਿੰਦੇ ਹੋਏ ਬੁੱਧ ਨੇ ਵੱਡੇ ਇਕੱਠ ਵਿਚ ਪਹਿਲੇ ਆਰਯ ਸੱਤ ਦੀ ਵਿਆਖਿਆ ਕਰਦੇ ਹੋਏ ਕਿਹਾ :

''ਹੇ ਭਿਕਸ਼ਓ ! ਦੁੱਖ ਪਹਿਲਾ ਆਰਯ ਸਤਯ ਹੈ। ਜਨਮ ਵੀ ਦੁੱਖ ਹੈ, ਬੁਢਾਪਾ ਵੀ ਦੁੱਖ ਹੈ, ਸ਼ੋਕ, ਰੁਦਨ, ਮਨ ਦੀ ਖਿਨਤਾ-ਉਦਾਸੀਨਤਾ ਅਤੇ ਹੈਰਾਨੀ ਸਭ ਦੁੱਖ ਹਨ। ਚਿਰਕਾਲ ਤੱਕ ਮਾਤਾ ਦੇ ਮਰਨ ਦਾ ਦੁੱਖ ਸਹਿਆ, ਪਿਤਾ ਦੇ ਮਰਨ ਦਾ ਦੁੱਖ ਸਹਿਆ, ਪੁੱਤਰ ਮਰਨ ਦਾ ਦੁੱਖ ਸਹਿਆ, ਬੇਟੀ ਮਰਨ ਦਾ ਦੁੱਖ ਸਹਿਆ, ਸੰਪਤੀ ਨਾਸ਼ ਦਾ ਦੁੱਖ ਸਹਿਆ, ਰੋਗੀ ਹੋਣ ਦਾ ਦੁੱਖ...।''

ਇਨ੍ਹਾਂ ਸਾਰੀਆਂ ਕਿਸਮਾਂ ਦੇ ਦੁੱਖ ਝੱਲਣ ਵਾਲਿਆਂ ਨੇ ਸੰਸਾਰ ਵਿਚ ਜਨਮ ਲੈ ਕੇ ਪਿਆਰੇ (ਪ੍ਰਿਯ) ਦੇ ਵਿਜੋਗ ਅਤੇ ਅਪ੍ਰਿਯ ਦੇ ਸੰਜੋਗ ਦੇ ਕਾਰਨ ਰੋਣਾ ਰੋਇਆ ਅਤੇ ਅੱਥਰੂ ਕੇਰੇ ਹਨ। ਇਸ ਤਰ੍ਹਾਂ ਲੰਮੇ ਸਮੇਂ ਤੱਕ ਦੁੱਖ ਅਨੁਭਵ ਕੀਤਾ ਹੈ। ਤ੍ਰਿਪਿਟਕ ਵਿਚ ਅਜਿਹੇ ਦੁੱਖ ਦਾ ਵਾਰ-ਵਾਰ ਜ਼ਿਕਰ ਹੋਇਆ ਹੈ। ਜਿਵੇਂ ਮੱਕੜੀ ਆਪ ਹੀ ਜਾਲ ਬੁਣਦੀ ਹੈ ਤੇ ਆਪ ਹੀ ਉਸ ਵਿਚ ਫਸ ਜਾਂਦੀ ਹੈ ਇਹੀ ਦਸ਼ਾ ਸੰਸਾਰੀ ਜੀਵਾਂ ਦੀ ਹੈ। ਇਹ ਸਾਰਾ ਕੁਝ ਉਹਨਾਂ ਦਾ ਆਪਣਾ ਉਪਜਾਇਆ ਹੁੰਦਾ ਹੈ। ਮਨੁੱਖ ਦੁੱਖਾਂ ਵਿਚ ਜਨਮ ਲੈਂਦੇ ਹਨ, ਦੁੱਖਾਂ ਵਿਚ ਸਾਰਾ ਜੀਵਨ ਬਤੀਤ ਕਰਦੇ ਹਨ ਅਤੇ ਦੁੱਖਾਂ ਵਿਚ ਮਰ ਜਾਂਦੇ ਹਨ। ਦੁੱਖ ਰੂਪੀ ਸੱਚ, ਬੁੱਧ ਦੀ ਸਭ ਤੋਂ ਪਹਿਲੀ ਸਿੱਖਿਆ ਹੈ, ਜਿਸ ਨੂੰ ਚੰਗੀ ਤਰ੍ਹਾਂ ਸਮਝ ਲਏ ਬਿਨਾਂ ਬੁੱਧ ਫਲਸਫੇ ਨੂੰ ਸਮਝਣਾ ਔਖਾ ਹੈ।

## 2. ਦੂਜਾ ਆਰਯ ਸੱਚ : ਦੁੱਖ ਸਮੁਦਯ (ਦੁੱਖਾਂ ਦੇ ਕਾਰਨ ਹਨ)

ਜੇ ਦੁੱਖਾਂ ਦੀ ਹੋਂਦ ਹੈ ਤਾਂ ਇਹਨਾਂ ਦਾ ਕਾਰਨ ਵੀ ਜ਼ਰੂਰ ਹੋਏਗਾ। ਮਹਾਤਮਾ ਬੁੱਧ ਨੇ ਦੁੱਖਾਂ ਦੇ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਕਾਰਣ ਦਾ ਜਿਹੜਾ ਸਿੱਧਾਂਤ ਦਿੱਤਾ, ਉਸ ਨੂੰ ਸਮੁੱਤਪਾਦ ਕਹਿੰਦੇ ਹਨ। ਇਸ ਸੰਸਾਰ ਵਿਚ ਕੁਝ ਵੀ ਕਾਰਣ ਤੋਂ ਬਿਨਾਂ ਨਹੀਂ ਜੇਕਰ ਕਾਰਜ ਹੈ ਤਾਂ ਉਸ ਦਾ ਕੋਈ ਨਾ ਕੋਈ ਕਾਰਣ ਵੀ ਜ਼ਰੂਰ ਹੁੰਦਾ ਹੈ। ਇਸ ਲਈ ਦੁੱਖਾਂ ਦਾ ਵੀ ਕੋਈ ਨਾ ਕੋਈ ਕਾਰਣ ਜ਼ਰੂਰ ਹੋਏਗਾ। ਬਿਨਾਂ ਕਾਰਣ ਦੇ ਦੁੱਖ ਦੀ ਉਤਪਤੀ ਸੰਭਵ ਨਹੀਂ। ਇਸ ਕਾਰਜ ਕਾਰਨ ਨਿਯਮ ਵਿਚ ਸਾਰਾ ਸੰਸਾਰ ਬੱਝਾ ਹੋਇਆ ਹੈ। ਦੂਜੇ ਆਰਯ ਸਤ ਵਿਚ ਇਸੇ ਕਾਰਣ ਬਾਰੇ ਵਿਚਾਰ ਕੀਤੀ ਗਈ ਹੈ। ਦੂਜੇ ਆਰਯ ਸਤ ਸੰਬੰਧੀ ਭਗਵਾਨ ਬੁੱਧ ਕਹਿੰਦੇ ਹਨ, ''ਇਸ ਦੁੱਖ ਦਾ ਕਾਰਣ ਹੈ। ਇਹ ਅਗਿਆਨ ਤੋਂ ਉਤਪੰਨ ਇੱਛਾ ਹੈ ਜਿਸ ਦੇ ਵਿਚੋਂ ਪੁਨਰ-ਜਨਮ ਦੀ ਪ੍ਰਾਪਤੀ ਹੁੰਦੀ ਹੈ। ਇਹ ਮੋਹ-ਰੂਪੀ ਇੱਛਾ ਦੇ ਕਾਰਣ ਪ੍ਰਾਣੀ ਹਰੇਕ ਥਾਂ ਤੇ ਸੁੱਖ ਦੀ ਖੋਜ ਕਰਦਾ ਹੈ।''

ਪ੍ਰਸ਼ਨ ਇਹ ਹੈ ਕਿ ਬੁਢਾਪੇ ਤੇ ਮੌਤ ਦਾ ਕਾਰਣ ਕੀ ਹੈ? ਸਰੀਰ ਧਾਰਨ ਕਰਨਾ ਬੁਢਾਪੇ ਤੇ ਮੌਤ ਦਾ ਕਾਰਣ ਬਣਦਾ ਹੈ। ਜੇ ਸਰੀਰ ਨਾ ਹੁੰਦਾ ਤਾਂ ਮਨੁੱਖ ਨਾ ਬੁੱਢਾ ਹੁੰਦਾ ਅਤੇ ਨਾ ਮਰਦਾ। ਇਸ ਲਈ ਜਨਮ ਲੈਣਾ ਦੁੱਖਾਂ ਦਾ ਸਭ ਤੋਂ ਵੱਡਾ ਕਾਰਣ ਬਣਦਾ ਹੈ। ਪ੍ਰੀਤਤਯ ਸਮਉਤਪਾਦ ਦੇ ਅਨੁਸਾਰ ਜਨਮ ਦਾ ਵੀ ਕੋਈ ਕਾਰਣ ਹੋਏਗਾ। ਜਨਮ ਦਾ ਕਾਰਣ 'ਭਵ' ਜਾਂ ਜਨਮ ਲੈਣ ਦੀ ਇੱਛਾ ਸ਼ਕਤੀ ਹੈ। ਇਸ ਇੱਛਿਆ ਦਾ ਕਾਰਣ ਸੰਸਾਰਕ ਵਿਸ਼ਿਆਂ ਵਿਚ ਲਿਪਟੇ ਰਹਿਣ ਦੀ ਅਭਿਲਾਸ਼ਾ ਹੈ, ਜਿਸ ਨੂੰ ਉਤਪਾਦਨ ਕਿਹਾ ਗਿਆ ਹੈ। ਉਤਪਾਦਨ, ਸਾਡੀਆਂ ਤ੍ਰਿਸ਼ਨਾਵਾਂ ਅਰਥਾਤ ਸ਼ਬਦ ਸਪਰਸ਼ ਆਦਿ ਵਿਸ਼ੇ ਭੋਗਾਂ ਦੀ ਵਾਸ਼ਨਾ ਕਾਰਣ ਹੁੰਦਾ ਹੈ ਪਰ ਇਸ ਤ੍ਰਿਸ਼ਨਾ ਦਾ ਕਾਰਣ ਵੇਦਨਾ ਹੈ। ਇਹ ਵੇਦਨਾ ਬਿਨਾਂ ਇੰਦਰੀਆਂ ਦੇ ਸੰਭਵ ਨਹੀਂ ਹੋ ਸਕਦੀ। ਏਨਾ ਹੀ ਨਹੀਂ ਇਹਨਾਂ ਇੰਦਰੀਆਂ ਦੇ ਨਾਲ ਜਦੋਂ ਤਕ ਮਨ ਨੂੰ ਵੀ ਛੇਵੀਂ ਇੰਦਰੀ ਦੇ ਰੂਪ ਵਿਚ ਨਾ ਜੋੜਿਆ ਹੋਵੇ ਉਨ੍ਹਾਂ ਚਿਰ ਤਕ ਅਨੁਭੂਤੀ ਨਹੀਂ ਹੁੰਦੀ। ਪੰਜਾਂ ਇੰਦਰੀਆਂ ਤੇ ਮਨ ਦੇ ਜੋੜ ਨੂੰ 'ਖੜਾਯਤਨ' ਕਹਿੰਦੇ ਹਨ। ਇਸ ਲਈ ਵੇਦਨਾ ਦਾ ਕਾਰਣ ਖੜਾਯਤਨ ਹੈ। ਜੇ ਸਰੀਰ ਤੇ ਮਨ ਨਾ ਹੋਵੇ ਤਾਂ ਖੜਾਯਤਨ ਦੀ ਹੋਂਦ ਸੰਭਵ ਨਹੀਂ। ਗਰਭ ਵਿਚ ਸਥਿਤੀ ਮੁੱਢਲੇ ਸਰੀਰ (ਭਰੂਣ) ਅਤੇ ਮਨ ਨੂੰ ਨਾਮ ਰੂਪ ਕਹਿੰਦੇ ਹਨ ਅਤੇ ਉਦੋਂ ਤਕ ਨਾਮ ਰੂਪ ਦਾ ਵਿਕਾਸ ਨਹੀਂ ਹੋ ਸਕਦਾ ਜੇਕਰ ਚੇਤੰਨਤਾ ਜਾਂ ਵਿਗਿਆਨ ਨਾ ਹੋਵੇ। ਗਰਭ ਅਵਸਥਾ ਵਿਚ ਗਿਆਨ ਦੀ ਸੰਭਾਵਨਾ ਉਦੋਂ ਹੀ ਹੋ ਸਕਦੀ ਹੈ, ਜੇਕਰ ਪੂਰਬਲੇ ਜਨਮ ਦੀ ਅੰਤਮ ਅਵਸਥਾ ਵਿਚ ਮਨੁੱਖ ਦੇ ਕੀਤੇ ਸਾਰੇ ਕਰਮਾਂ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਰਹਿੰਦਾ ਹੈ। ਕਰਮਾਂ ਦੇ ਅਨੁਸਾਰ ਬਣੇ ਸੰਸਕਾਰਾਂ ਕਰਕੇ ਹੀ ਵਿਗਿਆਨ ਸੰਭਵ ਹੋ ਸਕਦਾ ਹੈ। ਅਸਲ ਵਿਚ ਅਜਿਹੇ ਸੰਸਕਾਰ ਬਣਦੇ ਕਿਉਂ ਹਨ, ਜਿਹੜੇ ਬਾਅਦ ਵਿਚ ਜਰਾ ਮਰਨ ਦੇ ਕਾਰਣ ਬਣਦੇ ਹਨ। ਅਜਿਹੇ ਸੰਸਕਾਰਾਂ ਦਾ ਕਾਰਣ ਹੈ ਅਵਿਦਿਆ। ਖਿਨ-ਭੰਗਰ, ਦੁੱਖਦਾਈ ਸੰਸਾਰ ਅਤੇ ਨੀਚ ਵਿਸ਼ੇ ਨੂੰ ਸਥਾਈ, ਸੁੱਖਦਾਇਕ ਅਤੇ ਉਪਯੋਗੀ ਸਮਝ ਲੈਣਾ ਹੀ ਅਵਿਦਿਆ ਹੈ ਅਤੇ ਜਨਮ ਮਰਨ ਦਾ ਮੂਲ ਕਾਰਣ ਹੈ।

ਉਪਰਲੇ ਵਰਨਣ ਵਿਚ ਅਸੀਂ ਬਾਰਾਂ ਅਵਸਥਾਵਾਂ ਦੇਖਦੇ ਹਾਂ, ਸੰਖੇਪ ਵਿਚ, ਭਵ-ਚੱਕਰ ਲੜੀ ਨੂੰ ਹੇਠ ਲਿਖੇ ਅਨੁਸਾਰ ਦਿਖਾ ਸਕਦੇ ਹਾਂ :

''ਅਵਿਦਿਆ ਤੋਂ ਸੰਸਕਾਰ, ਸੰਸਕਾਰ ਤੋਂ ਚੇਤਨਾ, ਚੇਤਨਾ ਤੋਂ ਨਾਮ ਰੂਪ, ਨਾਮ ਰੂਪ ਤੋਂ ਖੜਾਯਤਨ, ਖੜਾਯਤਨ ਤੋਂ ਸਪਰਸ਼, ਸਪਰਸ਼ ਤੋਂ ਵੇਦਨਾ, ਵੇਦਨਾ ਤੋਂ ਤ੍ਰਿਸ਼ਨਾ, ਤ੍ਰਿਸ਼ਨਾ ਤੋਂ ਉਤਪਾਦਨ, ਉਤਪਾਦਨ ਤੋਂ ਭਵ (ਸੰਸਾਰ ਵਿਚ ਹੋਣ ਦੀ ਪ੍ਰਵਿਰਤੀ), ਭਵ ਤੋਂ ਜਨਮ, ਜਨਮ ਤੋਂ ਬੁਢਾਪਾ, ਬੁਢਾਪੇ ਤੋਂ ਮਰਣ।''

ਇਹਨਾਂ ਬਾਰਾਂ ਕਾਰਣਾਂ ਵਿਚੋਂ ਕੁਝ ਭੂਤਕਾਲ, ਕੁਝ ਵਰਤਮਾਨ ਕਾਲ ਤੇ ਕੁਝ ਭਵਿੱਖ ਕਾਲ ਦੇ ਕਾਰਣ ਹਨ। ਇਨ੍ਹਾਂ ਕਾਰਜ ਕਾਰਣਾਂ ਦੀ ਲੜੀ ਤੋਂ ਸੰਸਾਰ ਦਾ ਚੱਕਰ ਚਲਦਾ ਰਹਿੰਦਾ ਹੈ। ਇਸ ਨੂੰ ਭਵ ਚੱਕਰ ਵੀ ਆਖਦੇ ਹਨ। ਜਦੋਂ ਤਕ ਜੀਵ ਇਸ ਭਵ-ਚੱਕਰ ਤੋਂ ਮੁਕਤ ਨਹੀਂ ਹੁੰਦਾ ਤਦ ਤਕ ਦੁੱਖਾਂ ਦਾ ਨਾਸ਼ ਨਹੀਂ ਹੁੰਦਾ। ਬੁੱਧ ਦੇ ਇਸ ਉਪਦੇਸ਼ ਨੂੰ ਕਈ ਬੋਧੀ ਚੱਕਰ ਘੁਮਾ ਕੇ ਅੱਜ ਤਕ ਯਾਦ ਕਰਦੇ ਹਨ।

### 3. ਤੀਜਾ ਆਰਯ ਸੱਚ (ਦੁੱਖ ਦਾ ਅੰਤ ਸੰਭਵ ਹੈ)

ਜੇ ਦੁੱਖ ਹਨ, ਦੁੱਖਾਂ ਦੇ ਕਾਰਣ ਹਨ ਤਾਂ ਦੁੱਖਾਂ ਦਾ ਅੰਤ ਵੀ ਸੰਭਵ ਹੈ। ਜੇ ਦੁੱਖ ਕਾਰਜ ਹੈ ਤਾਂ ਇਸ ਦਾ ਕੋਈ ਨਾ ਕੋਈ ਕਾਰਣ ਵੀ ਹੋਵੇਗਾ। ਬਿਨਾਂ ਕਾਰਣ ਕੋਈ ਕਾਰਜ ਨਹੀਂ ਹੋ ਸਕਦਾ। ਦੁੱਖਾਂ ਦਾ ਕਾਰਣ ਤ੍ਰਿਸ਼ਨਾ ਹੈ। ਬੁੱਧ ਨੇ ਕਿਹਾ, "ਭਿਕਸ਼ੂਓ ! ਦੁਖਾਂ ਦਾ ਕਾਰਣ ਤ੍ਰਿਸ਼ਨਾ ਹੈ ਜੋ ਬਾਰ ਬਾਰ ਪ੍ਰਾਣੀਆਂ ਦੀ ਉਤਪਤੀ ਕਰਦੀ ਹੈ। ਇਹ ਵਿਸ਼ਿਆਂ ਦੇ ਰਾਜ ਮੋਹ ਨਾਲ ਯੁਕਤ ਹੈ। ਵਿਸ਼ਿਆਂ ਪ੍ਰਤੀ ਲਾਗ ਅਤੇ ਲਗਾਉ ਪੈਦਾ ਕਰਦੀ ਹੈ। ਹਰ ਥਾਂ ਆਪਣੀ ਤ੍ਰਿਪਤੀ ਦੀ ਭਾਲ ਵਿਚ ਰਹਿੰਦੀ ਹੈ। ਤ੍ਰਿਸ਼ਨਾ ਦੀ ਕਦੀ ਤ੍ਰਿਪਤੀ ਨਹੀਂ ਹੁੰਦੀ। ਇਹ ਹਮੇਸ਼ਾਂ ਵਧਦੀ ਜਾਂਦੀ ਹੈ।

ਜੇਕਰ ਦੁਖਾਂ ਦਾ ਕਾਰਣ ਤ੍ਰਿਸ਼ਨਾ ਹੈ ਤਾਂ ਇਸ ਦਾ ਤਿਆਗ ਕਰਨਾ ਹੈ। ਤ੍ਰਿਸ਼ਨਾ ਨਾਸ਼ ਹੋਣ ਨਾਲ ਉਤਪਾਦਨ (ਵਿਸ਼ਿਆਂ ਦੇ ਸੰਗ੍ਰਹਿ ਕਰਨ) ਦਾ ਨਾਸ਼ ਹੁੰਦਾ ਹੈ। ਉਤਪਾਦਨ ਦੇ ਸਮਾਪਤ ਹੋਣ ਤੇ ਸੰਸਾਰ ਦਾ ਨਾਸ਼ ਹੁੰਦਾ ਹੈ। ਭਾਵ ਨਾਸ਼ ਨਾਲ ਆਵਾਗਮਨ, ਦਾ ਨਾਸ਼ ਹੁੰਦਾ ਹੈ ਤੇ ਦੁੱਖਾਂ ਦਾ ਨਾਸ਼ ਹੀ ਬੁੱਧ ਧਰਮ ਦਾ ਕੇਂਦਰੀ ਬਿੰਦੂ ਹੈ। ਜੇ ਦੁੱਖਾਂ ਤੋਂ ਮੁਕਤੀ ਪ੍ਰਾਪਤ ਹੋ ਜਾਵੇ ਤਾਂ ਹੀ ਮਨੁੱਖ ਅਨੰਦ ਪ੍ਰਾਪਤ ਕਰ ਸਕਦਾ ਹੈ ਤੇ ਨਿਰਵਾਣ ਇਸ ਜੀਵਨ ਕਾਲ ਵਿਚ ਹੀ ਸੰਭਵ ਹੈ। ਨਿਰਵਾਣ, ਜੀਵਨ ਦਾ ਨਾਸ਼ ਨਹੀਂ ਸਗੋਂ ਦੁੱਖਾਂ ਦਾ ਨਿਰੋਧ ਸੰਭਵ ਹੈ। ਉਸ ਲਈ ਇਕ ਰਸਤਾ ਹੈ।

### 4. ਚੌਥਾ ਆਰਯ ਸੱਚ (ਦੁੱਖ ਦੇ ਅੰਤ ਦਾ ਰਸਤਾ)

ਜੇਕਰ ਦੁੱਖ ਹਨ, ਦੁੱਖਾਂ ਦੇ ਕਾਰਣ ਹਨ ਤਾਂ ਇਹਨਾਂ ਦੁੱਖਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਚੌਥਾ ਆਰਯ ਸਤ ਇਹਨਾਂ ਦੁੱਖਾਂ ਨੂੰ ਦੂਰ ਕਰਨ ਦਾ ਰਸਤਾ ਹੈ। ਇਸੇ ਤੇ ਚੱਲ ਕੇ ਸਿਧਾਰਥ ਨੂੰ ਬੁੱਧ ਬਣਨ ਦਾ ਸੁਭਾਗ ਪ੍ਰਾਪਤ ਹੋਇਆ, ਨਿਰਵਾਣ ਪਦ ਦੀ ਪ੍ਰਾਪਤੀ ਹੋਈ। ਇਸ ਮਾਰਗ ਤੇ ਚਲ ਕੇ ਆਮ ਆਦਮੀ ਵੀ ਪਰਮ ਪਦ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ। ਇਹੋ ਬੁੱਧ ਧਰਮ ਦਾ ਸਾਰ ਹੈ। ਇਸ ਦੇ ਅੱਠ ਅੰਗ ਹਨ। ਇਸ ਨੂੰ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ। ਇਹ ਅੱਠ ਅੰਗ ਹੇਠ ਲਿਖੇ ਹਨ :

#### 1. ਠੀਕ ਦ੍ਰਿਸ਼ਟੀ

ਅਵਿਦਿਆ ਤੇ ਅਗਿਆਨਤਾ ਆਤਮਾ ਅਤੇ ਸੰਸਾਰ ਵਿਚ ਮਿਥਿਆ ਦ੍ਰਿਸ਼ਟੀ ਪੈਦਾ ਕਰਦੀ ਹੈ। ਪਹਿਲਾਂ ਦੂਜੇ ਆਰਯ ਸਤ ਵਿਚ ਪੜ੍ਹ ਚੁੱਕੇ ਹਾਂ ਕਿ ਅਵਿਦਿਆ ਹੀ ਸਾਡੇ ਦੁੱਖਾਂ ਦਾ ਮੂਲ ਕਾਰਣ ਹੈ। ਅਵਿਦਿਆ ਕਾਰਣ ਅਸੀਂ ਅਨਿੱਤ ਦੁੱਖਦ ਅਤੇ ਅਨਾਤਮ ਵਸਤੂ ਨੂੰ ਅਮਰ, ਸੁਖਦ ਅਤੇ ਆਤਮ ਰੂਪ ਸਮਝ ਬੈਠਦੇ ਹਾਂ। ਇਸ ਦ੍ਰਿਸ਼ਟੀਕੋਣ ਨੂੰ ਤਿਆਗ ਕੇ ਵਸਤੂਆਂ ਦੇ ਸਹੀ ਸਰੂਪ ਉੱਤੇ ਲਗਾਤਾਰ ਧਿਆਨ ਰੱਖਣ ਨੂੰ ਸਮਯਕ ਦ੍ਰਿਸ਼ਟੀ ਕਹਿੰਦੇ ਹਨ। ਸਮਯਕ ਦ੍ਰਿਸ਼ਟੀ ਨਾਲ ਕੁਸ਼ਲ ਅਤੇ ਅਕੁਸ਼ਲ ਕਰਮਾਂ ਦਾ ਗਿਆਨ ਸੰਭਵ ਹੈ।

#### 2. ਠੀਕ ਸੰਕਲਪ

ਕੇਵਲ ਆਰਯ ਸੱਚ ਦਾ ਗਿਆਨ ਹੋ ਜਾਣ ਦਾ ਕੋਈ ਲਾਭ ਨਹੀਂ ਹੁੰਦਾ, ਜੇਕਰ ਉਸ ਸੱਚ ਅਨੁਸਾਰ ਜੀਵਨ ਜੀਉਣ ਦਾ ਦ੍ਰਿੜ ਸੰਕਲਪ ਨਾ ਕੀਤਾ ਜਾਵੇ। ਠੀਕ ਸੰਕਲਪ ਦੇ ਦੋ ਭਾਗ ਹਨ, ਸ਼ੁਭ ਸੰਕਲਪਾਂ ਨੂੰ ਅਪਨਾਉਣਾ ਅਤੇ ਅਸ਼ੁਭ ਸੰਕਲਪਾਂ ਦਾ ਤਿਆਗ ਕਰਨਾ। ਸ਼ੁਭ ਸੰਕਲਪ ਵਿਚ ਕਾਮ, ਲੋਭ, ਮੋਹ,

ਅਹੰਕਾਰ ਹਿੰਸਾ ਆਦਿ ਦਾ ਤਿਆਗ ਕਰਨਾ ਹੁੰਦਾ ਹੈ ਤੇ ਅਹਿੰਸਾ ਅਤੇ ਕਰੁਣਾ ਦੇ ਗੁਣਾਂ ਨੂੰ ਅਪਨਾਉਣਾ ਹੁੰਦਾ ਹੈ। ਇਹਨਾਂ ਦੋਹਾਂ ਨਾਲ ਹਰ ਪ੍ਰਾਣੀ ਮਾਤਰ ਪ੍ਰਤੀ ਪ੍ਰੇਮ ਅਤੇ ਸਭ ਜੀਵਾਂ ਪ੍ਰਤੀ ਦਇਆ ਭਾਵਨਾ ਉਤਪੰਨ ਹੁੰਦੀ ਹੈ।

### 3. ਠੀਕ ਵਾਕ (ਜ਼ੁਬਾਨ)

ਸੰਕਲਪ ਕੇਵਲ ਮਾਨਸਿਕ ਪੱਧਰ ਤੱਕ ਨਾ ਰਹਿ ਕੇ ਨਿਤ-ਜੀਵਨ ਦੀ ਵਰਤੋਂ ਵਿਚ ਆਉਣਾ ਚਾਹੀਦਾ ਹੈ। ਮਾੜੇ ਬਚਨਾਂ ਦਾ ਤਿਆਗ, ਠੀਕ ਵਾਕ, ਅਨੁਚਿਤ ਬਚਨ ਇਹ ਦੱਸੇ ਗਏ ਹਨ, ਝੂਠ ਬੋਲਣਾ, ਚੁਗਲੀ ਕਰਨੀ, ਕਠੋਰ ਬੋਲਣਾ, ਵਿਅਰਥ ਬੋਲੀ ਜਾਣਾ, ਆਪਣੇ ਬੋਲਾਂ ਦੁਆਰਾ ਕਿਸੇ ਦਾ ਮਨ ਦੁਖਾਉਣਾ। ਮਨੁੱਖ ਨੂੰ ਇਹਨਾਂ ਤੋਂ ਬਚਣਾ ਚਾਹੀਦਾ ਹੈ ਤੇ ਕਲਿਆਣਕਾਰੀ, ਸੰਤੋਖ ਅਤੇ ਮਧੁਰ ਬਚਨ ਬੋਲਣੇ ਚਾਹੀਦੇ ਹਨ।

### 4. ਠੀਕ ਕਰਮ

ਪਾਪੀ ਕਰਮਾਂ ਦਾ ਤਿਆਗ ਕਰਨਾ ਤੇ ਚੰਗੇ, ਸ਼ੁਭ ਕਰਮਾਂ ਨੂੰ ਅਪਨਾਉਣਾ ਠੀਕ ਕਰਮ ਹੈ। ਹਿੰਸਾ, ਚੋਰੀ, ਯਾਰੀ, ਠੱਗੀ, ਇੰਦਰੀਆਂ ਨੂੰ ਕਾਬੂ ਵਿਚ ਨਾ ਰੱਖਣਾ ਮਾੜੇ ਕਰਮ ਹਨ। ਇਸ ਦੇ ਉਲਟ ਅਹਿੰਸਾ, ਚੋਰੀ ਨਾ ਕਰਨਾ ਤੇ ਇੰਦਰੀਆਂ ਨੂੰ ਕਾਬੂ ਵਿਚ ਰੱਖਣਾ ਪੁੰਨ ਦੇ ਕਰਮ ਹਨ। ਅਹਿੰਸਾ ਲਈ ਦਇਆ ਦੀ ਲੋੜ ਹੈ। ਚੋਰੀ ਨਾ ਕਰਨ ਲਈ ਸੰਤੋਖ ਦੀ ਲੋੜ ਹੈ ਤੇ ਇੰਦਰੀਆਂ ਨੂੰ ਕਾਬੂ ਵਿਚ ਰੱਖਣ ਲਈ ਬ੍ਰਹਮਚਰਜ ਦੀ ਲੋੜ ਤੇ ਜ਼ੋਰ ਦਿੱਤਾ ਹੈ। ਮਨੁੱਖ ਨੂੰ ਸਮਾਜਕ ਜਨ-ਕਲਿਆਣਕਾਰੀ ਭਲੇ ਦੇ ਕੰਮ ਕਰਨੇ ਚਾਹੀਦੇ ਹਨ, ਜਿਸ ਨਾਲ ਕਿਸੇ ਦੇ ਮਨ ਨੂੰ ਠੇਸ ਨਾ ਪਹੁੰਚੇ।

### 5. ਠੀਕ ਆਜੀਵਕਾ (ਰੁਜ਼ਗਾਰ)

ਜ਼ਿੰਦਗੀ ਜਿਉਣ ਲਈ ਰੋਜ਼ੀ ਰੋਟੀ ਜ਼ਰੂਰੀ ਹੈ ਪਰ ਇਹ ਰੋਟੀ ਰੋਜ਼ੀ ਕਮਾਉਣ ਲਈ ਜ਼ਰੂਰੀ ਹੈ ਕਿ ਇਸ ਨੂੰ ਕਮਾਉਣ ਲਈ ਠੀਕ ਸਾਧਨਾਂ ਦੀ ਵਰਤੋਂ ਕੀਤੀ ਜਾਵੇ। ਰੋਜ਼ੀ ਰੋਟੀ ਕਮਾਉਣ ਲਈ ਠੀਕ ਮਾਰਗ ਅਖਤਿਆਰ ਕਰਨਾ ਤੇ ਕੁਮਾਰਗ ਦਾ ਤਿਆਗ ਕਰਨਾ ਜ਼ਰੂਰੀ ਹੈ। ਜੀਵਨ ਚਲਾਉਣ ਲਈ, ਰੋਜ਼ੀ ਰੋਟੀ ਕਮਾਉਣ ਲਈ ਜੀਵਿਕਾ ਦੀ ਲੋੜ ਹੈ ਪ੍ਰੰਤੂ ਜੀਵਿਕਾ ਦੀ ਕਮਾਈ ਸਹੀ ਮਾਧਿਅਮ ਰਾਹੀਂ ਹੋਣੀ ਚਾਹੀਦੀ ਹੈ, ਗਲਤ ਢੰਗ ਨਾਲ ਨਹੀਂ। ਜੀਵਿਕਾ ਦਾ ਉਹ ਹੀ ਰਾਹ ਅਪਨਾਉਣਾ ਚਾਹੀਦਾ ਹੈ ਜਿਸ ਨੂੰ ਸਮਾਜ ਪ੍ਰਵਾਨ ਕਰੇ, ਦੂਜਿਆਂ ਨੂੰ ਕਸ਼ਟ ਦੇ ਕੇ, ਕਲੇਸ਼, ਹਿੰਸਾ ਦੁਆਰਾ ਉਪਜੀਵਿਕਾ ਕਮਾਉਣ ਦੀ ਮਨਾਹੀ ਹੈ। ਪਾਲੀ ਗ੍ਰੰਥਾਂ ਵਿਚ ਸ਼ਸਤਰਾਂ ਦਾ ਵਪਾਰ ਜੀਵਾਂ ਦਾ ਵਪਾਰ, ਮਾਸ ਦਾ ਵਪਾਰ, ਸ਼ਰਾਬ ਦਾ ਵਪਾਰ ਅਤੇ ਜ਼ਹਿਰ ਦਾ ਵਪਾਰ ਕਰਨ ਦੀ ਮਨਾਹੀ ਕੀਤੀ ਗਈ ਹੈ।

### 6. ਠੀਕ ਵਿਆਯਾਮ (ਕੋਸ਼ਿਸ਼)

ਉਪਰ ਲਿਖੇ ਪੰਜ ਅਸੂਲਾਂ ਤੇ ਚੱਲਣ ਦੇ ਬਾਵਜੂਦ ਵੀ ਹੋ ਸਕਦਾ ਹੈ ਕਿ ਵਿਅਕਤੀ ਪੁਰਾਣੇ ਬੁਰੇ ਸੰਸਕਾਰਾਂ ਦੇ ਕਾਰਨ ਠੀਕ ਮਾਰਗ ਤੋਂ ਲਾਂਭੇ ਹੋ ਜਾਵੇ ਤੇ ਮਨ ਵਿਚ ਬੁਰੇ ਵਿਚਾਰ ਆਉਣ ਲਗ ਪੈਣ। ਇਸ ਲਈ ਨਿਰੰਤਰ ਪ੍ਰਯਤਨ ਜ਼ਰੂਰੀ ਹੈ ਕਿ ਪੁਰਾਣੇ ਬੁਰੇ ਸੰਸਕਾਰਾਂ ਦਾ ਬੁਰੀ ਤਰ੍ਹਾਂ ਨਾਸ਼ ਹੋ ਜਾਵੇ ਤੇ ਨਵੇਂ ਬੁਰੇ ਵਿਚਾਰ ਮਨ ਵਿਚ ਨਾ ਆਉਣ ਕਿਉਂਕਿ ਮਨ ਕਦੇ ਵਿਚਾਰਾਂ ਤੋਂ ਖਾਲੀ ਨਹੀਂ ਰਹਿ ਸਕਦਾ। ਇਸ ਲਈ ਮਨ ਨੂੰ ਕੋਸ਼ਿਸ਼ ਕਰਕੇ ਚੰਗੇ ਵਿਚਾਰਾਂ ਨਾਲ ਭਰੀ ਰਖਣਾ ਚਾਹੀਦਾ ਹੈ। ਠੀਕ ਕੋਸ਼ਿਸ਼ ਚਾਰ ਪ੍ਰਕਾਰ ਦੀ ਮੰਨੀ ਗਈ ਹੈ :

1. ਜੇਕਰ ਕਿਸੇ ਵਸਤੂ ਨੂੰ ਦੇਖ ਕੇ ਮਲੀਨ ਭਾਵਨਾ ਜਾਗਦੀ ਹੈ ਤਾਂ ਤੁਰੰਤ ਵਿਅਕਤੀ ਨੂੰ ਮਨ ਵਿਚ ਪਵਿੱਤਰ ਵਸਤੂ ਦਾ ਧਿਆਨ ਲਿਆਉਣਾ ਚਾਹੀਦਾ ਹੈ ਤਾਂ ਜੋ ਮਲੀਨਤਾ ਦੀ ਭਾਵਨਾ ਖਤਮ ਹੋ ਜਾਵੇ।

2. ਜੇਕਰ ਕਿਸੇ ਪਵਿੱਤਰ ਵਸਤੂ ਦਾ ਧਿਆਨ ਕਰਨ ਨਾਲ ਵੀ ਮਲੀਨ ਭਾਵਨਾ ਦਾ ਨਾਸ਼ ਨਹੀਂ ਹੁੰਦਾ ਤਾਂ ਉਸ ਵਸਤੂ ਦੀਆਂ ਬੁਰਾਈਆਂ ਵੱਲ ਧਿਆਨ ਲਿਜਾਣਾ ਚਾਹੀਦਾ ਹੈ।
3. ਜੇਕਰ ਉਸ ਵਸਤੂ ਦੀਆਂ ਬੁਰਾਈਆਂ ਵੱਲ ਧਿਆਨ ਲਿਜਾਣ ਨਾਲ ਵੀ ਮਨ ਦੀ ਮਲੀਨ ਭਾਵਨਾ ਦਾ ਨਾਸ਼ ਨਹੀਂ ਹੁੰਦਾ ਤਾਂ ਵਿਅਕਤੀ ਨੂੰ ਉਸ ਵਸਤੂ ਤੋਂ ਹੀ ਧਿਆਨ ਹਟਾ ਲੈਣਾ ਚਾਹੀਦਾ ਹੈ।
4. ਜੇਕਰ ਵਸਤੂ ਤੋਂ ਧਿਆਨ ਹਟਾ ਲੈਣ ਤੇ ਵੀ ਬੁਰੇ ਵਿਚਾਰ ਆਉਣੇ ਬੰਦ ਨਹੀਂ ਹੁੰਦੇ ਤਾਂ ਵਿਅਕਤੀ ਨੂੰ ਮਾੜੇ ਵਿਚਾਰਾਂ ਨੂੰ ਨਸ਼ਟ ਕਰਨ ਦੀਆਂ ਕੋਸ਼ਿਸ਼ਾਂ ਵਿਚ ਢਿੱਲ ਨਹੀਂ ਆਉਣ ਦੇਣੀ ਚਾਹੀਦੀ।

## 7. ਠੀਕ ਸਿਮਰਨ

ਇਸ ਰਾਹ ਤੇ ਚਲਣਾ ਤਲਵਾਰ ਦੀ ਧਾਰ ਤੇ ਚਲਣ ਦੇ ਬਰਾਬਰ ਹੈ। ਜਿਨ੍ਹਾਂ ਵਸਤੂਆਂ ਦਾ ਗਿਆਨ ਹੋ ਚੁਕਾ ਹੈ, ਉਹਨਾਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਵਸਤੂ ਦੇ ਯਥਾਰਥ ਰੂਪ ਨੂੰ ਜਾਣ ਕੇ ਸਿਮਰਨ ਕਰੋ। ਜਿਵੇਂ ਸਰੀਰ ਨੂੰ, ਸਰੀਰ ਵੇਦਨਾ ਨੂੰ, ਵੇਦਨਾ ਚਿੱਤ ਨੂੰ, ਚਿੱਤ ਅਤੇ ਮਾਨਸਿਕ ਅਵਸਥਾ ਨੂੰ, ਮਾਨਸਿਕ ਅਵਸਥਾ ਦੇ ਰੂਪ ਵਿਚ ਵੀ ਚਿਤਵਨਾ ਚਾਹੀਦਾ ਹੈ। ਇਹਨਾਂ ਵਿਚੋਂ ਕਿਸੇ ਨੂੰ ਵੀ ਇਹ ਨਹੀਂ ਸਮਝਣਾ ਚਾਹੀਦਾ ''ਇਹ ਮੇਰਾ ਹੈ''। ਅਜਿਹਾ ਸਮਝਣਾ ਕੁਕਰਮ ਹੈ। ਜੀਵਨ ਵਿਚ ਸਭ ਤੋਂ ਵੱਡਾ ਪਾਪ ਸਚਾਈ ਤੋਂ ਮੂੰਹ ਮੋੜਨਾ ਹੈ। ਮਨੁੱਖ ਵਸਤੂ ਨੂੰ ਉਸੇ ਰੂਪ ਵਿਚ ਨਹੀਂ ਸਮਝਦਾ ਇਸ ਕਰਕੇ ਸਰੀਰ, ਇੰਦਰੀ, ਅਨੁਭੂਤੀ, ਚਿੱਤ ਆਦਿ ਦੇ ਮਿਥਿਆ ਵਿਚਾਰ ਪੱਕੇ ਹੋ ਜਾਂਦੇ ਹਨ ਤੇ ਮਨੁੱਖ ਉਹਨਾਂ ਨੂੰ ਸੁੱਖ ਦੇਣ ਵਾਲੇ ਸਮਝ ਕੇ ਉਹਨਾਂ ਵਿਚ ਖਚਤ ਹੋ ਜਾਂਦਾ ਹੈ ਤੇ ਉਹਨਾਂ ਦੇ ਨਾਸ਼ ਹੋਣ ਤੇ ਦੁਖੀ ਹੁੰਦਾ ਹੈ। ਜੇਕਰ ਇਹਨਾਂ ਨੂੰ ਸ਼ੁਰੂ ਤੋਂ ਨਾਸ਼ਮਾਨ ਅਤੇ ਦੁੱਖ ਵਾਲੇ ਮੰਨ ਲਈਏ ਤਾਂ ਫਿਰ ਇਹਨਾਂ ਦੇ ਗੁਆਚਣ ਜਾਂ ਨਸ਼ਟ ਹੋਣ ਨਾਲ ਸਾਨੂੰ ਦੁੱਖ ਨਹੀਂ ਪਹੁੰਚੇਗਾ। ਇਸ ਲਈ ਠੀਕ ਸਿਮਰਨ ਦੀ ਲੋੜ ਹੈ।

ਦੀਰਘ ਨਿਕਾਯ ਵਿਚ ਠੀਕ ਸਿਮਰਨ ਵਾਸਤੇ ਬੁੱਧ ਨੇ ਵਿਸਥਾਰ ਪੂਰਵਕ ਉਪਦੇਸ਼ ਦਿੱਤਾ ਕਿ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਮਾਸ, ਹੱਡੀ, ਵਿਸ਼ਠਾ, ਪਿੱਤ, ਕਫ, ਪਾਪ ਆਦਿ ਨੀਚ ਪਦਾਰਥਾਂ ਨਾਲ ਭਰਿਆ ਸਰੀਰ ਸ਼ਮਸ਼ਾਨ ਵਿਚ ਕਿਵੇਂ ਸੜਦਾ ਹੈ, ਇੱਲਾਂ, ਕਾਵਾਂ ਦਾ ਭੋਜਨ ਬਣਦਾ ਹੈ ਅਤੇ ਮੁੜ ਉਹਨਾਂ ਤੱਤਾਂ ਵਿਚ ਮਿਲ ਜਾਂਦਾ ਹੈ ਜਿਹਨਾਂ ਤੋਂ ਇਹ ਬਣਿਆ ਸੀ। ਇਸ ਲਈ ਠੀਕ ਸਿਮਰਨ ਨਾਲ ਵਿਅਕਤੀ ਸੰਸਾਰਕ ਵਿਸ਼ਿਆਂ ਤੋਂ ਉਪਰਾਮ ਹੋ ਜਾਂਦਾ ਹੈ ਅਤੇ ਸੰਸਾਰਕ ਬੰਧਨਾਂ ਵਿਚ ਨਹੀਂ ਪੈਂਦਾ।

## 8. ਠੀਕ ਸਮਾਧੀ

ਉਪਰ ਲਿਖੇ ਸੱਤੇ ਨਿਯਮਾਂ ਤੇ ਚਲ ਕੇ ਵਿਅਕਤੀ ਆਪਣੀਆਂ ਸਾਰੀਆਂ ਚਿੱਤ ਬਿਰਤੀਆਂ ਨੂੰ ਕਾਬੂ ਕਰ ਲੈਂਦਾ ਹੈ ਤੇ ਠੀਕ ਸਮਾਧੀ ਵਿਚ ਪ੍ਰਵੇਸ਼ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ। ਨਿਰਵਾਣ ਪ੍ਰਾਪਤੀ ਲਈ ਸਮਾਧੀ ਦੀਆਂ ਚਾਰ ਅਵਸਥਾਵਾਂ ਨੂੰ ਪਾਰ ਕਰਨਾ ਜ਼ਰੂਰੀ ਹੁੰਦਾ ਹੈ। ਬੋਧ ਦਰਸ਼ਨ ਵਿਚ ਸਮਾਧੀ ਦੀਆਂ ਚਾਰ ਅਵਸਥਾਵਾਂ ਹੇਠ ਲਿਖੀਆਂ ਦੱਸੀਆਂ ਹਨ :

### (ੳ) ਸਮਾਧੀ ਦੀ ਪਹਿਲੀ ਅਵਸਥਾ

ਪਹਿਲੀ ਅਵਸਥਾ ਵਿਚ ਮਨੁੱਖ ਪਹਿਲੀਆਂ ਸੱਤੇ ਅਵਸਥਾਵਾਂ ਨੂੰ ਪਾਰ ਕਰਕੇ ਚਿੱਤ ਦੀਆਂ ਸਾਰੀਆਂ ਬੁਰਾਈਆਂ ਨੂੰ ਦੂਰ ਕਰ ਲੈਂਦਾ ਹੈ। ਇਸ ਅਵਸਥਾ ਵਿਚ ਉਸ ਦਾ ਮਨ ਸ਼ੁੱਧ ਵਿਚਾਰਾਂ ਕਾਰਨ ਆਨੰਦ ਦਾ ਅਨੁਭਵ ਕਰਦਾ ਹੈ। ਇਹ ਸਮਾਧੀ ਦੀ ਪਹਿਲੀ ਅਵਸਥਾ ਹੈ।

### (ਅ) ਦੂਜੀ ਅਵਸਥਾ

ਸਮਾਧੀ ਦੀ ਇਸ ਅਵਸਥਾ ਵਿਚ ਪੁੱਜ ਕੇ ਸਾਰੇ ਤਰਕ, ਵਿਤਰਕ, ਸੰਦੇਹ ਦੂਰ ਹੋ ਜਾਂਦੇ ਹਨ। ਆਰਯ

ਸਤ ਪ੍ਰਤੀ ਸ਼ਰਧਾ ਵਧਦੀ ਹੈ। ਸੱਚ-ਵਿਚਾਰ ਦੇ ਕਾਰਨ ਚਿੱਤ ਵਿਚ ਸਥਿਰਤਾ, ਸ਼ਾਤੀ ਆਉਣੀ ਸ਼ੁਰੂ ਹੋ ਜਾਂਦੀ ਹੈ।

### (ੲ) ਤੀਜੀ ਅਵਸਥਾ

ਸਮਾਧੀ ਦੀ ਇਸ ਅਵਸਥਾ ਵਿਚ ਪਹੁੰਚ ਕੇ ਚਿੱਤ ਵਿਚ ਇਕਸੁਰਤਾ ਆ ਜਾਂਦੀ ਹੈ। ਦੇਹ ਵਿਚ ਆਰਾਮ ਦਾ ਭਾਵ ਆ ਜਾਂਦਾ ਹੈ।

### (ਸ) ਚੌਥੀ ਅਵਸਥਾ

ਸਮਾਧੀ ਦੀ ਇਕ ਅਵਸਥਾ ਵਿਚ ਨਾ ਆਨੰਦ, ਨਾ ਚਿੱਤ ਦੀ ਇਕਸੁਰਤਾ, ਤੇ ਨਾ ਸਰੀਰ ਦੇ ਅਰਾਮ ਦਾ ਧਿਆਨ ਰਹਿੰਦਾ ਹੈ। ਇਹ ਅਵਸਥਾ ਪੂਰੀ ਸ਼ਾਂਤੀ, ਪੂਰੇ ਸੰਜਮ ਦੀ ਹੈ। ਇਸ ਅਵਸਥਾ ਦਾ ਦੁੱਖ ਸੁੱਖ ਨਾਲ ਕੋਈ ਮੇਲ ਨਹੀਂ। ਇਸੇ ਅਵਸਥਾ ਦਾ ਨਾਉਂ ਅਰਹਤ ਪਦ ਜਾਂ ਨਿਰਵਾਣ ਦੀ ਪ੍ਰਾਪਤੀ ਹੈ ਤੇ ਇਹ ਪੂਰਨ ਸਮਾਧੀ ਦੀ ਅਵਸਥਾ ਹੈ।

### 2.2.4 ਨਿਰਵਾਣ

ਨਿਰਵਾਣ ਸ਼ਬਦ ਦਾ ਅਰਥ ਹੈ ਬੁਝਾ ਦੇਣਾ ਜਾਂ ਬੁਝਿਆ ਹੋਇਆ। ਬੁੱਧ ਧਰਮ ਵਿਚ ਇਸ ਦਾ ਅਰਥ ਹੋਇਆ ਜੀਵਨ ਦੇ ਦੁੱਖਾਂ ਨੂੰ ਬੁਝਾ ਦੇਣਾ, ਬਾਰ ਬਾਰ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਣਾ। ਨਿਰਵਾਣ ਜੀਵਨ ਦੇ ਕਾਰਜ ਕਾਲ ਵਿਚ ਸੰਭਵ ਹੈ। ਭਗਵਾਨ ਬੁੱਧ ਨੇ ਚਾਰ ਆਰਯ ਸੱਤ ਦੀ ਵਿਆਖਿਆ ਕਰਦੇ ਹੋਏ ਆਖਿਆ ਕਿ ਜੇ ਦੁਖ ਹੈ, ਦੁੱਖਾਂ ਦਾ ਕਾਰਨ ਹੈ, ਦੁੱਖਾਂ ਨੂੰ ਰੋਕਿਆ ਜਾ ਸਕਦਾ ਹੈ। ਜੇ ਕਰ ਦੁੱਖਾਂ ਦੇ ਕਾਰਣਾਂ ਦਾ ਅੰਤ ਕੀਤਾ ਜਾਏ ਤਾਂ ਮਨੁੱਖ ਪਰਮਸ਼ਾਂਤੀ, ਆਨੰਦ ਪ੍ਰਾਪਤ ਕਰ ਸਕਦਾ ਹੈ। ਇਹ ਪਰਮ ਆਨੰਦ ਦੀ ਅਵਸਥਾ ਨਿਰਵਾਣ ਹੈ। ਨਿਰਵਾਣ ਦੀ ਅਵਸਥਾ ਵਿਚ ਮਨੁੱਖ ਦੁੱਖ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਵਿਚ ਲੋਭ, ਘ੍ਰਿਣਾ, ਕਰੋਧ, ਭਰਮ, ਮੋਹ, ਅਹੰਕਾਰ ਆਦਿ ਦੀ ਅਗਨੀ ਬੁਝ ਜਾਂਦੀ ਹੈ। ਇਸ ਵਿਚ ਕਾਮ ਵਾਸ਼ਨਾਵਾਂ, ਅਵਿਦਿਆ, ਪੁਨਰ ਜਨਮ ਆਦਿ ਨਹੀਂ ਸਤਾਉਂਦੇ। ਧਮਪਦ ਅਨੁਸਾਰ ਨਿਰਵਾਣ ਪੂਰਨ ਆਨੰਦ ਦੀ ਅਵਸਥਾ ਹੈ ਤੇ ਇਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਇਹ ਸ਼ਬਦਾਂ ਦੀ ਕੈਦ ਵਿਚ ਨਹੀਂ ਆ ਸਕਦਾ। ਡਾ. ਕੈਂਥ ਦੇ ਅਨੁਸਾਰ ਸਾਰੇ ਕਾਰ ਵਿਹਾਰੀ ਸ਼ਬਦ ਨਿਰਵਾਣ ਦਾ ਵਰਨਣ ਕਰਨ ਵਿਚ ਕਾਫ਼ੀ ਨਹੀਂ ਹਨ।

ਨਿਰਵਾਣ ਦਾ ਅਰਥ ਨਿਸ਼ਕਰਮੀ ਬਣਨਾ ਨਹੀਂ ਸਗੋਂ ਸੰਸਾਰ ਵਿਚ ਰਹਿੰਦੇ ਹੋਏ ਚਾਰ ਆਰਯ ਸੱਤਾਂ ਦਾ ਪਾਲਣ ਕਰਕੇ ਸਮਾਧੀ ਦੀ ਅਵਸਥਾ ਪ੍ਰਾਪਤ ਕਰਨਾ ਹੈ।

**2.2.5 ਪ੍ਰਤੀਤ-ਸਮੁੱਤਪਾਦ** :- ਭਗਵਾਨ ਬੁੱਧ ਦੀਆਂ ਸਿਖਿਆਵਾਂ ਦੀ ਨੀਂਹ ਵਿਚ ਇਹ ਪ੍ਰਤੀਤ-ਸਮੁੱਤਪਾਦ ਦਾ ਸਿਧਾਂਤ ਵੀ ਸਥਾਪਿਤ ਹੈ। ਇਹ ਸਿਧਾਂਤ ਉਪਰ ਦੱਸੇ ਗਏ ਚਾਰ ਆਰਯ ਸੱਚਾਂ ਵਿਚੋਂ ਦੂਜੇ ਅਤੇ ਤੀਜੇ ਸੱਚ ਦੀ ਵਿਆਖਿਆ ਹੈ ਜਿਹਨਾਂ ਵਿਚ ਇਹ ਦਸਿਆ ਗਿਆ ਹੈ ਕਿ ਦੁੱਖ ਦਾ ਕੋਈ ਨਾ ਕੋਈ ਕਾਰਨ ਹੈ ਅਤੇ ਕਾਰਨ ਨੂੰ ਰੋਕਣ ਨਾਲ ਦੁੱਖ ਖਤਮ ਹੋ ਜਾਂਦਾ ਹੈ। ਇਸ ਕਾਰਨ-ਕਾਰਜ ਸਿਧਾਂਤ ਨੂੰ ਸਾਪੇਖਤਾ ਦੇ ਸਿਧਾਂਤ ਨੂੰ ਪ੍ਰਤੀਤ-ਸਮੁੱਤਪਾਦ ਦਾ ਸਿਧਾਂਤ ਕਿਹਾ ਗਿਆ ਹੈ। ਇਹ ਸਿਧਾਂਤ ਸਾਨੂੰ ਦਸਦਾ ਹੈ ਕਿ ਵਿਗਿਆਨ-ਵਾਦੀ ਸਾਰੇ ਸੰਸਾਰ ਵਿਚ ਹਰ ਘਟਨਾ ਕਿਸੇ ਨਾ ਕਿਸੇ ਕਾਰਨ ਵਿਚ ਬੱਝੀ ਹੋਈ ਹੈ। ''ਇਹ ਹੋਇਆ ਤਾਂ ਉਹ ਹੋ ਜਾਏਗਾ'' ਜਾਂ 'ਕਾਰਜ ਕਰਨ ਤੇ ਨਿਰਭਰ ਹੈ' ਆਦਿ ਫਾਰਮੂਲੇ ਇਸ ਸਿਧਾਂਤ ਦੀ ਦੇਣ ਹਨ। ਇਸ ਪ੍ਰਕਾਰ ਚਿੰਤਨ ਨਾਲ ਸੰਬੰਧਤ ਹਰ ਵਸਤੂ ਜਾਂ ਵਿਸ਼ਾ ਸਾਪੇਖਕ ਹਨ, ਨਿਰਪੇਖ (Absolute) ਨਹੀਂ। ਏਸੇ ਕਾਰਨ ਕਰਕੇ ਵਸਤੂਆਂ ਜਾਂ ਵਿਸ਼ੇ, ਨਾ ਤਾਂ ਪੂਰੀ ਤਰ੍ਹਾਂ ਮਿਥੀਆਂ ਹਨ ਅਤੇ ਨਾ ਪੂਰਨ ਸੱਚ ਅਤੇ ਸਥਾਈ ਹਨ। ਸਾਰੇ ਸੰਸਾਰਕ ਪਦਾਰਥ ਇਸ ਲਈ ਸੁੰਨਯ ਅਤੇ ਵਾਸਤਵਿਕਤਾ ਦੇ ਵਿਚਕਾਰ ਹੀ ਲਟਕੇ

ਹੋਏ ਹਨ ਅਤੇ ਵੇਦਾਂਤ ਦੀ ਅਵਿੱਦਿਆ ਅਥਵਾ ਮਾਇਆ ਦੀ ਤਰ੍ਹਾਂ ਲਗਦੇ ਹਨ। ਏਸੇ ਨੂੰ 'ਨਿਯਮ' ਕਹਿੰਦੇ ਹਨ। ਜਿਹੜਾ ਪ੍ਰਤੀਤ-ਸਮੁੱਤਪਾਦ ਨੂੰ ਸਮਝ ਲਏਗਾ ਉਹ ਧਰਮ ਨੂੰ ਸਮਝ ਲੈਂਦਾ ਹੈ ਅਤੇ ਜਿਹੜਾ ਧਰਮ ਨੂੰ ਸਮਝ ਲਏਗਾ, ਸਮਝੋ ਉਸ ਨੇ ਪ੍ਰਤੀਤ-ਸਮੁੱਤਪਾਦ ਨੂੰ ਸਮਝ ਲਿਆ ਹੈ। ਇਸੇ ਨੂੰ ਨਾ ਸਮਝ ਸਕਣ ਕਰਕੇ ਦੁੱਖ ਪੈਦਾ ਹੁੰਦਾ ਹੈ। ਬੁੱਧ ਨੇ ਦੁਖ ਉਤਪਤੀ ਦੀ ਜੜ੍ਹ ਅਵਿਦਿਆ ਨੂੰ ਮੰਨਦੇ ਹੋਏ ਇਸ ਕਾਰਨ-ਕਾਰਜ ਸਿਧਾਂਤ ਦੀਆਂ ਅਵਸਥਾਵਾਂ ਮੰਨੀਆਂ ਹਨ। ਇਹਨਾਂ ਨੂੰ ਬੁੱਧ ਧਰਮ ਵਿਚ 'ਦੁਆਦੇਸ਼ ਨਿਦਾਨ' ਵੀ ਕਿਹਾ ਜਾਂਦਾ ਹੈ। ਅਵਿਦਿਆ ਤੋਂ ਸ਼ੁਰੂ ਹੋ ਕੇ ਜਨਮ-ਮਰਨ ਦੇ ਦੁਖ ਤਕ ਦੀਆਂ ਬਾਰਾਂ ਅਵਸਥਾਵਾਂ ਹੇਠ ਲਿਖੇ ਅਨੁਸਾਰ ਹਨ :-

1. ਅਵਿਦਿਆ ਦੇ ਕਾਰਨ
2. ਸੰਸਕਾਰ, ਜਿਸਦੇ ਕਾਰਨ
3. ਗਿਆਨ
4. ਨਾਮ-ਰੂਪ
5. ਖੜਾ ਯਤਨ (ਪੰਜ ਗਿਆਨ ਇੰਦਰੀਆਂ ਅਤੇ ਮਨ)
6. ਸਪਰਸ਼
7. ਵੇਦਨਾ
8. ਤ੍ਰਿਸ਼ਨਾ
9. ਉਤਪਾਦਨ (ਸੁਖਾਂ ਨਾਲ ਮੋਹ)
10. ਭਵ (ਫਿਰ ਪੈਦਾ ਹੋਣ ਦੀ ਇੱਛਾ)
11. ਜਾਤੀ (ਜਨਮ-ਪੁਨਰ ਜਨਮ) ਅਤੇ ਇਸ ਦੇ ਕਾਰਨ ਫਿਰ
12. ਬੁਢਾਪੇ ਅਤੇ ਮੌਤ ਦਾ ਦੁੱਖ ਭੋਗਣਾ ਪੈਂਦਾ ਹੈ।

ਇਹਨਾਂ ਬਾਰਾਂ ਵਿਚੋਂ ਪਹਿਲੇ ਦੋ ਕਾਰਨ ਬੀਤੇ ਜੀਵਨ ਨਾਲ, ਆਖਰੀ ਦੋ ਭਵਿਖਤ ਜੀਵਨ ਨਾਲ ਅਤੇ ਬਾਕੀ ਸਾਰੇ ਵਰਤਮਾਨ ਜੀਵਨ ਨਾਲ ਸੰਬੰਧਤ ਹਨ। ਕਾਰਨ-ਕਾਰਜ ਦਾ ਇਹ ਮਾਰੂ ਚੱਕਰ ਮੌਤ ਨਾਲ ਹੀ ਖਤਮ ਨਹੀਂ ਹੁੰਦਾ।

ਜੀਵ ਜਨਮ ਜਨਮਾਂਤਰ ਵਿਚ ਭਟਕਦਾ ਦੁਖ ਭੋਗਦਾ ਰਹਿੰਦਾ ਹੈ। ਇਹ ਤਾਂ ਹੀ ਖਤਮ ਹੋ ਸਕਦਾ ਹੈ ਜੇ ਇਸ ਦੇ ਮੂਲ ਕਾਰਨ ਅਵਿਦਿਆ ਨੂੰ ਨਸ਼ਟ ਕੀਤਾ ਜਾ ਸਕੇ ਅਰਥਾਤ ਗਿਆਨ ਦੀ ਪ੍ਰਾਪਤੀ ਕੀਤੀ ਜਾ ਸਕੇ। ਇਹ ਗਿਆਨ ਹੀ ਨਿਰਵਾਣ ਹੈ ਜਿਹੜਾ ਕਿ ਬੁੱਧ ਧਰਮ ਅਨੁਸਾਰ ਅਸ਼ਟਾਂਗ ਮਾਰਗ ਤੇ ਚਲਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਉਪਰੋਕਤ ਤੋਂ ਇਕ ਗੱਲ ਸਪੱਸ਼ਟ ਹੈ ਕਿ ਜਨਮ ਨੂੰ ਬੁੱਧ ਕਿਸੇ ਅੰਨ੍ਹੀ ਮਸ਼ੀਨ ਦਾ ਉਤਪਾਦਨ ਮੰਨ ਕੇ ਜੀਵ ਦੇ ਅੰਦਰ ਮੁੜ-ਮੁੜ ਜੰਮਣ ਦੀ ਭਾਵਨਾ ਦਾ ਨਤੀਜਾ ਮੰਨਦਾ ਹੈ। ਏਸੇ 'ਭਵ' ਨੂੰ ਜੇਕਰ ਗਿਆਨ ਪ੍ਰਾਪਤੀ ਰਾਹੀਂ ਨਸ਼ਟ ਕੀਤਾ ਜਾ ਸਕੇ ਤਾਂ ਨਿਰਵਾਣ ਪ੍ਰਾਪਤ ਹੋ ਸਕਦਾ ਹੈ।

ਪ੍ਰਤੀਤਯ-ਸਮੁੱਤਪਾਦ, ਮਹਾਤਮਾ ਬੁੱਧ ਦਾ ਉਹ ਮੂਲ ਸਿਧਾਂਤ ਹੈ ਜਿਸ ਦੇ ਵਿਕਾਸ ਦੇ ਫਲਸਰੂਪ ਬੁੱਧ ਧਰਮ ਦੇ ਹੋਰ ਅਨੇਕਾਂ ਸਿਧਾਂਤ ਹੋਂਦ ਵਿਚ ਆਏ ਹਨ। ਬੁੱਧ ਧਰਮ ਦਾ ਕਰਮ ਸਿਧਾਂਤ ਅਤੇ ਅਵਿਦਿਆ ਇਕ ਦੂਜੇ ਦੇ ਨਾਲ ਨਾਲ ਚਲਦੇ ਹਨ। ਕਰਮਾਂ ਕਰਕੇ ਅਵਿਦਿਅਕ ਸੰਸਕਾਰ ਇੱਕਠੇ ਕਰੀ ਜਾਂਦੇ ਹਾਂ ਅਤੇ ਇਹਨਾਂ ਸੰਸਕਾਰਾਂ ਦੇ ਅਧੀਨ ਕਰਮ ਕਰੀ ਜਾਂਦੇ ਹਾਂ ਜਿਹੜੇ ਫਿਰ ਸੰਸਕਾਰ ਬਣਾਈ ਜਾਂਦੇ ਹਨ। ਬੁੱਧ ਧਰਮ ਦਾ ਛਿਣਭੰਗਵਾਦ (Theory of Momentriness) ਵੀ ਪ੍ਰਤੀਤ-ਸਮੁੱਤਵਾਦ ਤੇ

ਆਧਾਰਿਤ ਹੈ। ਏਸੇ ਤਰ੍ਹਾਂ ਬੁੱਧ ਧਰਮ ਦਾ ਅਨਾਤਮਵਾਦ, ਸੰਘਾਤਵਾਦ, ਅਰਥ ਕਿਰਿਆ ਕਾਰਿਤਵਵਾਦ ਦਾ ਪ੍ਰਤੀਤਯ ਸਮੁੱਤਪਾਦ ਉੱਤੇ ਆਧਾਰਿਤ ਹੈ।

ਬੁੱਧ ਮਤ ਦੇ ਅਨੁਸਾਰ ਦੁਖ ਦੇ ਖਾਤਮੇ ਨੂੰ ਨਿਰਵਾਣ ਅਵਸਥਾ ਮੰਨਿਆ ਗਿਆ ਹੈ। ਬੁੱਧ ਦੇ ਦੂਜੇ ਆਰਯ ਸੱਚ ਅਨੁਸਾਰ ਹਰ ਦੁੱਖ ਦਾ ਕੋਈ ਨਾ ਕੋਈ ਕਾਰਨ ਹੈ ਇਸ ਲਈ ਦੁਖ ਦੇ ਕਾਰਨ ਦੇ ਅੰਤ ਨਾਲ ਦੁੱਖ ਵੀ ਨਸ਼ਟ ਹੋ ਜਾਏਗਾ। ਦੁੱਖ ਦੇ ਨਸ਼ਟ ਹੋ ਜਾਣ ਦੀ ਅਵਸਥਾ ਨਿਰਵਾਣ ਹੈ। ਨਿਰਵਾਣ ਦੀ ਪ੍ਰਾਪਤੀ ਜੀਵਨ ਵਿਚ ਹੋ ਸਕਦੀ ਹੈ। ਮੋਹ ਈਰਖਾ ਨੂੰ ਜਿਤ ਕੇ ਸ਼ੁੱਧ ਆਚਰਣ ਜਾਂ ਸ਼ੀਲ ਨਾਲ ਆਰਯ ਸਚਾਂ ਦਾ ਨਿਰੰਤਰ ਧਿਆਨ ਕਰੀ ਜਾਣ ਨਾਲ ਜੋ ਕੋਈ ਵਿਅਕਤੀ ਸਮਾਧੀ ਰਾਹੀਂ ਗਿਆਨ ਪ੍ਰਾਪਤ ਕਰ ਲੈਂਦਾ ਹੈ ਉਸ ਦਾ ਚਿਤ, ਲਾਭ, ਮੋਹ, ਈਰਖਾ ਆਦਿ ਤੋਂ ਮੁਕਤ ਹੋ ਜਾਂਦਾ ਹੈ, ਉਸ ਨੂੰ ਤ੍ਰਿਸ਼ਨਾ ਨਹੀਂ ਰਹਿੰਦੀ ਅਤੇ ਉਹ ਬਿਲਕੁਲ ਮੁਕਤ ਹੋ ਜਾਂਦਾ ਹੈ। ਮੁਕਤੀ ਪ੍ਰਾਪਤ ਵਿਅਕਤੀ ਨੂੰ 'ਅਰਹਤ' ਕਹਿੰਦੇ ਹਨ ਅਤੇ ਏਸੇ ਮੁਕਤੀ ਨੂੰ ਨਿਰਵਾਣ ਕਿਹਾ ਜਾਂਦਾ ਹੈ। ਆਮ ਤੌਰ ਤੇ ਲੋਕ ਇਹ ਸਮਝਦੇ ਹਨ ਕਿ ਬੁੱਧ ਮਤ ਅਨੁਸਾਰ ਨਿਰਵਾਣ ਦਾ ਅਰਥ ਸਾਰੀਆਂ ਕਿਰਿਆਵਾਂ ਦਾ ਤਿਆਗ ਹੈ ਪਰੰਤੂ ਇਹ ਧਾਰਨਾ ਗਲਤ ਹੈ ਕਿਉਂਕਿ ਬੁੱਧ ਨੇ ਨਿਰਵਾਣ ਦੀ ਪ੍ਰਾਪਤੀ ਤੋਂ ਬਾਅਦ ਵੀ ਲਗਭਗ 45 ਸਾਲਾਂ ਤਕ ਥਾਂ ਥਾ ਫਿਰ ਕੇ ਧਰਮ, ਪ੍ਰਚਾਰ ਕੀਤਾ, ਸੰਘ ਸਥਾਪਿਤ ਕੀਤੇ, ਅਨੇਕਾਂ ਲੋਕਾਂ ਨੂੰ ਸਿੱਧੇ ਰਾਹ ਤੇ ਪਾਇਆ। ਇਸ ਲਈ ਇਹ ਸਮਝਣਾ ਭੁੱਲ ਹੈ ਕਿ ਨਿਰਵਾਣ ਕਰਮ-ਤਿਆਗ ਦੀ ਅਵਸਥਾ ਦਾ ਨਾਂ ਹੈ।

### 2.2.6 ਬੁੱਧ ਧਰਮ ਦਾ ਸਿਧਾਂਤਕ ਵਿਕਾਸ

ਬੁੱਧ ਨੇ ਤੱਤ ਮੀਮਾਂਸਾ ਸੰਬੰਧੀ ਕਈ ਪ੍ਰਸ਼ਨਾਂ ਨੂੰ 'ਅਵਯਾਂਕ੍ਰਿਤ' ਕਿਹਾ ਹੈ; ਅਰਥਾਤ ਆਤਮਾ, ਪਰਮਾਤਮਾ ਸੰਸਾਰ ਦੀ ਨਾਸ਼ਮਾਨਤਾ ਆਦਿ ਬਾਰੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਵਿਚ ਉਹ ਚੁੱਪ ਧਾਰਨ ਕਰ ਲੈਂਦੇ ਹਨ। ਨੀਰਸ ਦਾਰਸ਼ਨਿਕ ਵਿਚਾਰਾਂ ਬਾਰੇ ਬੁੱਧ ਦੀ ਕੋਈ ਰੁਚੀ ਨਹੀਂ ਸੀ ਪਰ ਨਾਲ ਦੀ ਨਾਲ ਬੁੱਧ ਨੇ ਆਪਣੇ ਪੈਰੋਕਾਰਾਂ ਨੂੰ ਇਹ ਵੀ ਨਹੀਂ ਕਿਹਾ ਕਿ ਬਿਨਾਂ ਵਿਚਾਰ ਅਤੇ ਸੋਚੇ ਸਮਝੇ ਕਿਸੇ ਸਿਧਾਂਤ ਨੂੰ ਮੰਨਿਆ ਜਾਏ ਜਾਂ ਉਸ ਦਾ ਪਾਲਨ ਕੀਤਾ ਜਾਏ। ਖੁਦ ਉਹ ਬੜੀਆਂ ਦਲੀਲਾਂ ਨਾਲ ਹਰ ਗਲ ਨੂੰ ਸਮਝਾਉਂਦੇ ਸਨ। ਏਸੇ ਸੰਦਰਭ ਵਿਚ ਬਾਦ ਵਿਚ ਬੁੱਧ ਦੀਆਂ ਸਿਖਿਆਵਾਂ ਉੱਤੇ ਅਨੇਕਾਂ ਵਿਅਕਤੀਆਂ ਨੇ ਬਹਿਸਾਂ ਕੀਤੀਆਂ ਅਤੇ ਆਪਣੇ ਢੰਗ ਨਾਲ ਬੁੱਧ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ। ਬੁੱਧ ਧਰਮ ਦੇ ਆਲੋਚਕਾਂ ਦੀਆਂ ਆਲੋਚਨਾਵਾਂ ਦੇ ਜੁਆਬ ਵਿਚ ਵੀ ਬੁੱਧ ਧਰਮ ਦੇ ਪੈਰੋਕਾਰ ਕਈ ਸੰਪ੍ਰਦਾਵਾਂ ਵਿਚ ਵੰਡੇ ਗਏ।

**ਮਹਾਂਯਾਨ ਅਤੇ ਹੀਨਯਾਨ** : ਬੁੱਧ ਤੋਂ ਬਾਅਦ ਧਾਰਮਿਕ ਦ੍ਰਿਸ਼ਟੀਕੋਣ ਤੋਂ ਬੁੱਧ ਧਰਮ ਦੋ ਵੱਡੇ ਹਿਸਿਆਂ ਵਿਚ ਵੰਡਿਆ ਗਿਆ। ਇਹ ਸੰਪ੍ਰਦਾਵਾਂ ਸਨ : ਹੀਨਯਾਨ ਅਤੇ ਮਹਾਂਯਾਨ। ਅੱਜਕਲ ਭਾਰਤ ਦੇ ਦੱਖਣ ਅਤੇ ਪੂਰਬ ਵਿਚ ਲੰਕਾ, ਬਰਮਾ, ਸਿਆਮ, ਜਾਵਾ ਆਦਿ ਵਿਚ ਬੁੱਧ ਦੇ ਪੈਰੋਕਾਰ ਹੀਨਯਾਨੀ ਹਨ ਅਤੇ ਭਾਰਤ ਦੇ ਉੱਤਰ ਵਿਚ ਤਿੱਬਤ, ਚੀਨ, ਕੋਰੀਆ, ਮੰਗੋਲੀਆ, ਜਾਪਾਨ ਆਦਿ ਵਿਚ ਵਸਣ ਵਾਲੇ ਬੋਧੀ ਮਹਾਂਯਾਨੀ ਹਨ। ਹੀਨਯਾਨ ਜੈਨ ਧਰਮ ਵਾਂਗ ਪਰਮਾਤਮਾ ਤੋਂ ਮੁਨਕਰ ਅਤੇ ਪਰਮਾਤਮਾ ਦੇ ਥਾਂ ਕਰਮ ਸਿਧਾਂਤ ਨੂੰ ਮੰਨਣ ਵਾਲਾ ਧਰਮ ਹੈ। ਹੀਨਯਾਨ ਦੇ ਅਨੁਸਾਰ ਜੇ ਦ੍ਰਿੜ੍ਹਤਾ ਪੂਰਬਕ ਅਸ਼ਟਾਂਗ ਮਾਰਗ ਤੇ ਚਲਿਆ ਜਾਏ ਤਾਂ ਵਿਅਕਤੀਗਤ ਮੁਕਤੀ ਪ੍ਰਾਪਤ ਹੋ ਸਕਦੀ ਹੈ। ਹੀਨਯਾਨੀ ਬੁੱਧ ਦੇ ਵਚਨ 'ਆਤਮਦੀਪੋ ਭਵ' ਅਰਥਾਤ ਆਪਣੇ ਲਈ ਖੁਦ ਰੋਸ਼ਨੀ ਬਣੋ ਨੂੰ ਮੰਨਦੇ ਹੋਏ ਕੇਵਲ ਆਪਣੀ ਮੁਕਤੀ ਦੇ ਯਤਨਾਂ ਵਿਚ ਲਗੇ ਰਹਿਣਾ ਉਚਿਤ ਸਮਝਦੇ ਹਨ। ਇਹਨਾਂ ਦਾ ਉਦੇਸ਼ ਵਿਅਕਤੀਗਤ ਰੂਪ ਵਿਚ 'ਅਰਹਤ' ਅਵਸਥਾ ਦੀ ਪ੍ਰਾਪਤੀ ਹੈ। ਸਾਰੇ ਕਲੇਸ਼ਾਂ ਦੇ ਨਾਸ਼ ਨੂੰ ਇਹ ਨਿਰਵਾਣ ਕਹਿੰਦੇ ਹਨ। ਦੂਜੇ ਪਾਸੇ ਉਹ ਬੋਧੀ ਹਨ ਜਿਹੜੇ ਵਿਅਕਤੀਗਤ ਮੁਕਤੀ ਨੂੰ ਉਦੇਸ਼ ਮੰਨਣ ਵਾਲਿਆਂ ਨੂੰ ਸੁਆਰਥੀ ਦਸਦੇ ਹਨ

ਅਤੇ ਕਹਿੰਦੇ ਹਨ ਕਿ ਸਾਡਾ ਮਾਰਗ ਸਾਰਿਆਂ ਨੂੰ ਮੁਕਤੀ ਦੁਵਾਉਣ ਵਾਲਾ ਮਾਰਗ ਹੈ। ਇਸੇ ਲਈ ਇਸ ਮਹਾਂਯਾਨ ਅਰਥਾਤ ਵੱਡਾ ਜਹਾਜ਼ ਹੈ ਅਤੇ ਵਿਅਕਤੀਗਤ ਮੁਕਤੀ ਤੇ ਜ਼ੋਰ ਦੇਣ ਵਾਲੇ ਹੀਨਯਾਨੀ ਹਨ ਅਰਥਾਤ ਛੋਟੇ ਜਹਾਜ਼ ਵਾਲੇ ਹਨ। ਮੁਕਤੀ ਬਾਰੇ ਹੀਨਯਾਨੀ ਮਤ ਨਾਕਾਰਾਤਮਕ ਅਤੇ ਅਹੰਕਾਰਵਾਦੀ ਹੈ ਪਰ ਮਹਾਂਯਾਨੀ ਮੰਨਦੇ ਹਨ ਕਿ ਨਿਰਵਾਣ ਦਾ ਅਰਥ ਨਕਾਰਾਤਮਕ ਤਰੀਕੇ ਨਾਲ ਦੁਖਾਂ ਦਾ ਨਿਰੋਧ ਮਾਤਰ ਹੀ ਨਹੀਂ ਬਲਕਿ ਇਹ ਸਾਕਾਰਾਤਮਕ ਰੂਪ ਵਿਚ ਅਨੰਦ ਦੀ ਅਨੁਭੂਤੀ ਹੈ। ਮਹਾਂਯਾਨੀਆਂ ਦਾ ਆਦਰਸ਼ਕ ਵਿਅਕਤੀ 'ਅਰਹਤ' ਨਾ ਹੋ ਕੇ 'ਬੋਧੀਸਤਵ' ਹੈ ਜਿਹੜਾ ਦੂਸਰਿਆਂ ਦੀ ਮੁਕਤੀ ਲਈ ਯਤਨ ਕਰਦਾ ਹੋਇਆ ਆਪਣੀ ਮੁਕਤੀ ਨੂੰ ਪਿਛੇ ਪਾ ਸਕਦਾ ਹੈ। ਮਹਾਂਯਾਨੀ ਬੁੱਧ ਨੂੰ ਭਗਵਾਨ ਆਖਦੇ ਹਨ ਅਤੇ ਉਸ ਦੀ ਪੂਜਾ ਕਰਦੇ ਹਨ। ਉਹ ਬੁੱਧ ਦੇ ਅਵਤਾਰਾਂ ਵਿਚ ਵੀ ਵਿਸ਼ਵਾਸ ਰੱਖਦੇ ਹਨ।

ਮਹਾਂਯਾਨੀਆਂ ਦਾ ਬੋਧੀਸਤਵ ਉਹ ਹੈ ਜਿਹੜਾ ਪੂਰਨ ਬੁੱਧੀ ਪ੍ਰਾਪਤ ਕਰਕੇ ਸਦਾ ਉਸੇ ਵਿਚ ਵਿਚਰਦਾ ਹੈ ਅਤੇ ਦੂਜਿਆਂ ਦੇ ਪ੍ਰਤੀ ਦਇਆ ਪੂਰਨ ਹੋ ਕੇ ਜੀਵਨ ਭਰ ਤਤਪਰਤਾ ਨਾਲ ਉਹਨਾਂ ਦੀ ਮੁਕਤੀ ਲਈ ਯਤਨਸ਼ੀਲ ਰਹਿੰਦਾ ਹੈ। ਹੀਨਯਾਨੀਆਂ ਦੇ ਕਠੋਰ ਸੰਨਿਆਸਵਾਦ ਦੀ ਥਾਂ ਮਹਾਂਯਾਨ ਵਿਚ ਇਸ ਸੰਸਾਰ ਲਈ ਪੂਰੀ ਦਿਲਚਸਪੀ ਵਿਦਮਾਨ ਹੈ। ਹੀਨਯਾਨ ਦੇ ਪਰਮਾਤਮਾ ਦੀ ਅਣਹੋਂਦ ਦੇ ਵਿਚਾਰ ਨੂੰ ਏਥੇ ਬੁੱਧ ਨੂੰ ਪਰਮਾਤਮਾ ਮੰਨ ਕੇ ਪੂਰਾ ਕੀਤਾ ਗਿਆ ਹੈ। ਮਹਾਂਯਾਨੀਆਂ ਦੀ ਮਹਾਨਤਾ ਉਹਨਾਂ ਦੇ ਪ੍ਰਚਾਰ, ਜੋਸ਼ ਅਤੇ ਮਨੁਖਤਾ ਦੀ ਸੇਵਾ ਵਿਚ ਹੈ।

### 2.2.7 ਬੁੱਧ ਧਰਮ ਦਾ ਦਾਰਸ਼ਨਿਕ ਵਿਕਾਸ :

ਭਾਵੇਂ ਮਹਾਤਮਾ ਬੁੱਧ ਨੇ ਕਈ ਪ੍ਰਸ਼ਨਾਂ ਦੇ ਸੰਦਰਭ ਵਿਚ ਮੌਨ ਧਾਰਨ ਕਰਕੇ ਆਪਣੇ ਚੇਲਿਆਂ ਨੂੰ ਵਾਦ-ਵਿਵਾਦ ਤੋਂ ਬਚਣ ਵੱਲ ਸੰਕੇਤ ਕੀਤਾ ਸੀ ਪਰ ਬੁੱਧ ਦੇ ਦੇਹਾਂਤ ਤੋਂ ਬਾਅਦ ਛੇਤੀ ਹੀ ਬੋਧੀ ਪੰਡਿਤਾਂ ਨੇ ਬੁੱਧੀ ਦੀਆਂ ਸਿਧੀਆਂ ਸਾਦੀਆਂ ਸਿਖਿਆਵਾਂ ਦੀ ਤਹਿ ਵਿਚ ਪਹੁੰਚ ਕੇ ਅਨੇਕਾਂ ਪ੍ਰਕਾਰ ਦੇ ਸਿਧਾਂਤਾਂ ਦੀ ਖੋਜ ਆਰੰਭ ਕਰ ਦਿੱਤੀ। ਥੋੜ੍ਹੇ ਹੀ ਸਮੇਂ ਵਿਚ ਲਗਭਗ 30 ਅਜਿਹੇ ਦਾਰਸ਼ਨਿਕ ਮਤ ਮਤਾਂਤਰ ਬਣ ਗਏ ਜਿਹਨਾਂ ਦੇ ਤੱਤ ਗਿਆਨ ਸੰਬੰਧੀ ਬੋਧ ਵਿਚਾਰ ਲਗਭਗ ਵਖਰੇ ਵਖਰੇ ਸਨ। ਮੋਟੇ ਤੌਰ ਤੇ ਇਹਨਾਂ ਦਾਰਸ਼ਨਿਕ ਸੰਪ੍ਰਦਾਵਾਂ ਨੂੰ ਚਾਰ ਨਾਵਾਂ ਹੇਠ ਰੱਖਿਆ ਜਾ ਸਕਦਾ ਹੈ :

(1) **ਵੈਭਾਸਿਕ ਅਥਵਾ ਬਾਹਰੀ ਪਰਤੱਖਵਾਦ** : ਇਸ ਮਤ ਨੂੰ ਮੰਨਣ ਵਾਲੇ ਅਭਿਧਰਮ ਗ੍ਰੰਥਾਂ ਨੂੰ ਆਪਣਾ ਆਧਾਰ ਬਣਾਉਂਦੇ ਹਨ ਅਤੇ ਇਸ ਦੀ ਉਤਪਤੀ ਕਸ਼ਮੀਰ ਵਿਚ ਹੋਈ ਮੰਨੀ ਜਾਂਦੀ ਹੈ। ਇਸ ਮਤ ਦੇ ਅਨੁਸਾਰ, ਜਿਸ ਜਗਤ ਦਾ ਅਨੁਭਵ ਸਾਨੂੰ ਆਪਣੀਆਂ ਇੰਦਰੀਆਂ ਰਾਂਹੀਂ ਹੋ ਰਿਹਾ ਹੈ ਉਸਦੀ ਬਾਹਰੀ ਹੋਂਦ ਨਿਸ਼ਚਿਤ ਹੀ ਹੈ। ਸਾਡੇ ਅੰਦਰ ਏਸੇ ਹੀ ਤਰ੍ਹਾਂ ਚਿੱਤ ਦੀ ਹੋਂਦ ਵੀ ਸੁੰਤਤਰ ਹੈ ਅਤੇ ਬਾਹਰੀ ਪਦਾਰਥਾਂ ਦੀ ਹੋਂਦ ਸਾਡੇ ਚਿੱਤ ਦੇ ਕਾਰਨ ਨਹੀਂ ਬਲਕਿ ਚਿੱਤ-ਨਿਰਖ ਹੈ। ਇਸ ਮਤ ਵਾਲੇ ਮੰਨਦੇ ਹਨ ਕਿ ਬਾਹਰੀ ਵਸਤੂਆਂ ਦਾ ਗਿਆਨ, ਪ੍ਰਤੱਖ ਹੋਏ ਬਿਨਾਂ ਹੋਰ ਕਿਸੇ ਵੀ ਤਰੀਕੇ ਨਾਲ ਨਹੀਂ ਹੋ ਸਕਦਾ। ਅਭਿਧਰਮ ਗ੍ਰੰਥ ਉਤੇ ਮਹਾਂ-ਵਿਭਾਸ਼ਾ ਨਾਂ ਦਾ ਇਕ ਪੰਡਿਤਾਊ ਪੂਰਨ ਟੀਕਾ ਹੀ ਇਸ ਮਤ ਦੀ ਮੂਲ ਟੇਕ ਹੈ। ਏਸੇ ਲਈ ਇਸ ਦਾ ਨਾਂ ਵੈਭਾਸ਼ਿਕ ਪਿਆ ਹੈ। ਵਸੂਬੰਧੂ ਸੰਘਭਦ੍ਰ ਆਦਿਕ ਇਸ ਮਤ ਦੇ ਵਿਦਵਾਨ ਹਨ।

(2) **ਸੌਤਾਂਤ੍ਰਕ ਮਤ** : ਇਸ ਮਤ ਨੂੰ ਮੰਨਣ ਵਾਲੇ ਬੋਧੀਆਂ ਦੇ ਅਨੁਸਾਰ ਪਦਾਰਥਾਂ ਦੀ ਬਾਹਰੀ ਹੋਂਦ ਤਾਂ ਜ਼ਰੂਰ ਹੈ ਪਰੰਤੂ ਉਹਨਾਂ ਦਾ ਗਿਆਨ ਸਾਨੂੰ ਆਪਣੀਆਂ ਇੰਦਰੀਆਂ ਰਾਂਹੀਂ ਨਹੀਂ ਹੁੰਦਾ। ਜਦੋਂ ਬੁੱਧ ਅਨੁਸਾਰ ਸਾਰੇ ਪਦਾਰਥ ਛਿਣਭੰਗੁਰ ਹਨ ਤਾਂ ਕਿਸੇ ਵੀ ਵਸਤ ਦਾ ਪ੍ਰਤੱਖ ਗਿਆਨ ਸੰਭਵ ਨਹੀਂ। ਜਿਸ ਛਿਣ ਕਿਸੇ ਵੀ ਪਦਾਰਥ ਦਾ ਸੰਪਰਕ ਸਾਡੀਆਂ ਇੰਦਰੀਆਂ ਨਾਲ ਹੁੰਦਾ ਹੈ ਉਹ ਪਦਾਰਥ ਪਹਿਲੇ ਹੀ

ਛਿਣ ਵਿਚ ਉਤਪੰਨ ਹੋ ਕੇ ਅਤੀਤ ਹੋ ਚੁਕਿਆ ਹੁੰਦਾ ਹੈ। ਸਾਡੇ ਤਕ ਕੇਵਲ ਉਸਦੀ ਸੰਵੇਦਨਾ ਹੀ ਪਹੁੰਚਦੀ ਹੈ। ਪ੍ਰਤੱਖ ਹੁੰਦਿਆਂ ਹੀ ਪਦਾਰਥਾਂ ਦਾ ਕਾਲਾ, ਨੀਲਾ, ਪੀਲਾ ਚਿੱਤਰ ਸਾਡੇ ਚਿੱਤ ਤੇ ਉਕਰ ਜਾਂਦਾ ਹੈ ਅਤੇ ਚਿਤ ਨੂੰ ਕੇਵਲ ਏਸੇ ਦਾ ਹੀ ਗਿਆਨ ਹੁੰਦਾ ਹੈ। ਫਿਰ ਏਸੇ ਆਧਾਰ ਤੇ ਉਹ ਬਾਹਰੀ ਪਦਾਰਥ ਦੀ ਹੋਂਦ ਦਾ ਅਨੁਮਾਨ ਲਾਉਂਦਾ ਹੈ। ਇਸ ਲਈ ਬਾਹਰੀ ਪਦਾਰਥਾਂ ਦਾ ਪ੍ਰਤੱਖ ਗਿਆਨ ਨਾ ਹੋ ਕੇ ਕੇਵਲ ਅਨੁਮਾਨ ਦੇ ਆਧਾਰ ਤੇ ਹੀ ਗਿਆਨ ਹੁੰਦਾ ਹੈ। ਵੈਭਾਸਿਕ ਮਤ ਅਨੁਸਾਰ ਹੋਂਦ ਚਿੱਤ-ਨਿਰਪੱਖ ਹੈ ਪਰ ਸੋਤਾਂਤ੍ਰਿਕ ਮਤ ਅਨੁਸਾਰ ਬਾਹਰੀ ਹੋਂਦ ਚਿੱਤ-ਸਾਪੇਖ ਹੈ। ਕੁਮਾਰਲਭੱਟ ਇਸ ਮਤ ਦੇ ਸੰਸਥਾਪਕ ਹਨ ਅਤੇ ਸ੍ਰੀ ਲਾਤ ਵਸੁਮਿਤ ਯਸ਼ੋਮਿਤ ਆਦਿ ਇਸ ਮਤ ਦੇ ਹੋਰ ਵਿਦਵਾਨ ਹਨ।

(3) **ਯੋਗਾਚਾਰ ਵਿਗਿਆਨਵਾਦ** : ਹੋਂਦ ਦੀ ਸਮੀਖਿਆ ਕਰਨ ਵਿਚ ਵਿਗਿਆਨਵਾਦੀ ਇਕ ਕਦਮ ਹੋਰ ਵੀ ਅੱਗੇ ਹਨ। ਉਹ ਬਾਹਰੀ ਹੋਂਦ ਨੂੰ ਬਿਲਕੁਲ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਬਾਹਰੀ ਹੋਂਦ ਦਾ ਆਖਿਰ ਸਾਨੂੰ ਪਤਾ ਹੀ ਕਿਵੇਂ ਲਗਦਾ ਹੈ। ਇਹ ਪਤਾ ਸਾਨੂੰ ਚਿੱਤ ਵਿਚ ਸਮੇਂ-ਸਮੇ ਅਨੁਸਾਰ ਪੈਦਾ ਹੋਣ ਵਾਲੇ ਸੰਸਕਾਰਾਂ ਦੇ ਗਿਆਨ ਦੁਆਰਾ ਲਗਦਾ ਹੈ। ਅਜਿਹੀ ਹਾਲਤ ਵਿਚ ਗਿਆਨ ਦੀ ਹੋਂਦ ਮੰਨਣਾ ਠੀਕ ਸਿਧਾਂਤ ਹੈ। ਜੇਕਰ ਬਾਹਰੀ ਅਰਥ ਦੀ ਹੋਂਦ ਗਿਆਨ ਉੱਤੇ ਨਿਰਭਰ ਕਰਦੀ ਹੈ ਤਾਂ ਗਿਆਨ, ਅਸਲੀ ਹੋਂਦ ਹੈ। ਚਿੱਤ ਮਨ ਆਦਿ ਗਿਆਨ ਦੇ ਦੂਜੇ ਨਾਂ ਹਨ। ਚੇਤਨ ਕਿਰਿਆ ਨਾਲ ਸਬੰਧਤ ਹੋਣ ਕਾਰਨ ਗਿਆਨ ਨੂੰ ਚਿੱਤਰ ਕਿਹਾ ਜਾਂਦਾ ਹੈ, ਮਨਨ-ਕਿਰਿਆ ਕਾਰਨ ਇਹ 'ਮਨ' ਹੈ ਅਤੇ ਵਿਸ਼ਿਆਂ ਜਾਂ ਪਦਾਰਥਾਂ ਨੂੰ ਗ੍ਰਹਿਣ ਕਰਨ ਦਾ ਕਾਰਨ ਹੋਣ ਕਰਕੇ ਹੀ ਇਸ ਨੂੰ ਵਿਗਿਆਨ ਕਹਿੰਦੇ ਹਨ। ਮੈਤਰੇਯ, ਅਸੰਗ, ਦਿਘਨਾਗ, ਧਰਮਕੀਰਤਿ ਆਦਿ ਇਸ ਮਤ ਦੇ ਵਿਦਵਾਨ ਮੰਨੇ ਜਾਂਦੇ ਹਨ।

(4) **ਮਾਧਿਅਮਿਕ ਸੁੰਨਵਾਦ** : ਸੁੰਨਵਾਦੀ ਦਾਰਸ਼ਨਿਕ ਨਾ ਤਾਂ ਬਾਹਰੀ ਅਰਥ ਨੂੰ ਮੰਨਦੇ ਹਨ ਅਤੇ ਨਾ ਹੀ ਵਿਗਿਆਨ ਨੂੰ। ਇਹਨਾਂ ਦੇ ਅਨੁਸਾਰ ਸੁੰਨ ਹੀ ਪਰਮਾਰਥ ਸੱਚ ਹੈ। ਇਹਨਾਂ ਦਾ ਸੁੰਨ ਕੋਈ ਅਣਹੋਂਦ ਸਾਚੀ ਸ਼ਬਦ ਨਹੀਂ ਬਲਕਿ ਇਹ ਇਕ ਅਨਿਰਵਚਨੀ ਤੱਤ ਦਾ ਲਖਾਇਕ ਹੈ ਜਿਹੜਾ ਨਾ ਸੱਚ ਹੈ ਨਾ ਅਸੱਚ ਹੈ, ਨਾ ਸੱਚ-ਅਸੱਚ ਦੋਵੇਂ ਹੈ ਅਤੇ ਨਾ ਹੀ ਇਹਨਾਂ ਚਾਰੇ ਪੱਧਰਾਂ ਤੋਂ ਵੱਖਰਾ ਅਤੇ ਵਿਲੱਖਣ ਹੋਣ ਕਾਰਨ, ਇਸਨੂੰ ਪਰਮਾਰਥ ਸੁੰਨ ਕਿਹਾ ਗਿਆ ਹੈ। ਇਸ ਤਕ ਪਹੁੰਚਣਾ ਹੀ ਬੋਧ ਸਾਧਨਾਂ ਦਾ ਅੰਤਿਮ ਉਦੇਸ਼ ਮੰਨਿਆ ਗਿਆ ਹੈ। ਨਾਗਾਰਜੁਨ ਇਸ ਮਤ ਦੇ ਮੁਖੀ ਵਿਦਵਾਨ ਹਨ ਅਤੇ ਚੰਦਰਕੀਰਤਿ, ਆਰਯਦੇਵ ਆਦਿ ਹੋਰ ਵਿਦਵਾਨ ਵੀ ਮਾਧਿਅਮਿਕ ਸੁੰਨਵਾਦੀ ਮੰਨੇ ਜਾਂਦੇ ਹਨ।

### 2.2.8 ਸਿੱਟਾ:

ਇਸ ਪਾਠ ਵਿੱਚ ਬੁੱਧ ਧਰਮ ਦੇ ਚਾਰ ਮੁੱਖ ਸੱਚ (ਆਰਯ ਸੱਚ) ਉਪਰ ਚਾਨਣਾ ਪਾਇਆ ਗਿਆ ਹੈ। ਇਸ ਤੋਂ ਇਲਾਵਾ ਬੁੱਧ ਧਰਮ ਦੇ ਹੋਰ ਪ੍ਰਮੁੱਖ ਸਿਧਾਂਤ ਨਿਰਵਾਣ ਅਤੇ ਪ੍ਰਤੀਤ-ਸਮੁੱਤਪਾਦ ਦਾ ਵਰਣਨ ਵੀ ਕੀਤਾ ਗਿਆ ਹੈ। ਇਸ ਤਰ੍ਹਾਂ ਬੁੱਧ ਧਰਮ ਦੇ ਮੁੱਖ ਸਿਧਾਂਤਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਾਪਤ ਹੋਵੇਗੀ।

### 2.2.9 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1) ਬੁੱਧ ਧਰਮ ਦੇ ਮੁੱਖ ਸਿਧਾਂਤ ਬਾਰੇ ਜਾਣਕਾਰੀ ਦਿਓ।
2) ਚਾਰ ਆਰਯ ਸੱਚ ਕਿਹੜੇ-2 ਹਨ? ਇਸ ਸਬੰਧੀ ਭਰਪੂਰ ਜਾਣਕਾਰੀ ਦਿਓ।

**ਸੰਖੇਪ ਪ੍ਰਸ਼ਨ**

(1) ਧਰਮ ਚੱਕਰ ਪਰਿਵਰਤਨ ਸੂਤ੍ਰ

(2) ਦੁੱਖ ਸਮੁਦਯ

(3) ਅਸ਼ਟ ਮਾਰਗ

## 2.2.10 ਸਹਾਇਕ ਪੁਸਤਕਾਂ:


1. ਭਾਰਤੀ ਦਰਸ਼ਨ : ਆਚਾਰਯ ਬਲਦੇਵ ਉਪਾਧਿਆਇ
2. ਭਾਰਤੀ ਦਰਸ਼ਨ : ਦੱਤਾ ਅਤੇ ਚੈਟਰਜੀ
3. ਏ ਕ੍ਰਿਟੀਕਲ ਸਰਵੇ ਆਫ਼ ਇੰਡੀਅਨ ਫਿਲਾਸਫੀ : ਸੀ. ਡੀ. ਸ਼ਰਮਾ

ਪਾਠ ਨੰ: 2.3 (A)

## ਧਰਮ ਸੰਸਕਾਰ ਦਾ ਅਰਥ, ਪਰਿਭਾਸ਼ਾ ਤੇ ਪਿਛੋਕੜ

ਧਰਮ ਦਾ ਇਤਿਹਾਸ ਮਨੁੱਖ ਜਿੰਨਾ ਹੀ ਪੁਰਾਣਾ ਹੈ । ਇਸ ਸੰਬੰਧੀ ਕੋਈ ਪੱਕਾ ਸਬੂਤ ਨਹੀਂ ਮਿਲਦਾ ਕਿ ਮਨੁੱਖੀ ਜ਼ਿੰਦਗੀ ਵਿੱਚ ਧਰਮ ਨੇ ਕਦੋਂ ਪ੍ਰਵੇਸ਼ ਕੀਤਾ । ਇਸ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ ਪਰ ਸੰਸਾਰ ਦਾ ਅਜਿਹਾ ਕੋਈ ਵੀ ਭਾਗ ਨਹੀਂ, ਜਿਸ ਦੇ ਮਨੁੱਖ ਧਰਮ ਸੰਬੰਧੀ ਜਾਣਕਾਰੀ ਨਾ ਰੱਖਦੇ ਹੋਣ । ਆਦਿ ਕਾਲ ਤੋਂ ਅੱਜ ਦੇ ਵਿਗਿਆਨਕ ਯੁੱਗ ਤੱਕ ਧਰਮ ਮਨੁੱਖ ਦੇ ਨਾਲ ਨਾਲ ਚਲਿਆ ਆ ਰਿਹਾ ਹੈ । ਧਰਮ ਨੇ ਮੁੱਢ ਤੋਂ ਹੀ ਜੀਵਨ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪੱਖ ਤੇ ਗਹਿਰਾ ਪ੍ਰਭਾਵ ਪਾਇਆ । ਧਰਮ ਹੀ ਰੀਤੀ ਰਿਵਾਜਾ, ਪਰੰਪਰਾਵਾਂ, ਸਮਾਜਿਕ ਕੀਮਤਾਂ, ਜੋ ਕਿ ਸਮਾਜਿਕ ਨਿਯੰਤਰਣ ਦੀਆਂ ਮਹੱਤਵਪੂਰਣ ਬ੍ਰਾਂਚਾਂ ਹਨ, ਦਾ ਜਨਮਦਾਤਾ ਹੈ । ਉਪਰੋਕਤ ਤੱਥ ਦੀ ਪ੍ਰੋੜ੍ਹਤਾ ਕਰਦਾ ਹੋਇਆ, ਕਿੰਗਸਲੇ ਡੇਵਿਸ (Kingsley Davis) ਕਹਿੰਦਾ ਹੈ ਕਿ ਮਨੁੱਖੀ ਸਮਾਜ ਵਿਚ ਧਰਮ ਇੰਨਾ ਸਥਾਈ ਅਤੇ ਸਰਬ ਵਿਆਪਕ ਹੈ ਕਿ ਜਦੋਂ ਤਕ ਅਸੀਂ ਧਰਮ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਲੈਂਦੇ ਮਨੁੱਖੀ ਸਮਾਜ ਨੂੰ ਨਹੀਂ ਸਮਝ ਸਕਦੇ । ਟੈਡਫੀਲਰ ਦੇ ਵਿਚਾਰ ਅਨੁਸਾਰ, "ਧਰਮ ਉਹ ਸਾਧਨ ਹੈ ਜਿਸ ਦੇ ਰਾਹੀਂ ਮਨੁੱਖ ਸੰਸਾਰ ਨੂੰ ਆਪਣੇ ਰਹਿਣ ਲਈ ਹਰ ਪ੍ਰਕਾਰ ਤੋਂ ਚੰਗਾ ਬਣਾਉਣਾ ਚਾਹੁੰਦਾ ਹੈ ।" ਟਾਇਲਰ ਧਰਮ ਨੂੰ ਅਧਿਆਤਮਕ ਵਸਤਾਂ ਵਿਚ ਵਿਸ਼ਵਾਸ ਆਖਦਾ ਹੈ । ਦੁਰਖਾਈਮ ਅਨੁਸਾਰ ਧਰਮ ਦਾ ਨਿਰਮਾਣ ਵਿਸ਼ਵਾਸ ਅਤੇ ਸੰਸਕਾਰ ਕਰਦੇ ਹਨ । ਦੁਰਖਾਈਮ ਨੇ ਵਿਸ਼ਵਾਸ ਨੂੰ ਦੋ ਭਾਗਾਂ ਵਿਚ ਵੰਡਿਆ ਹੈ ਪਵਿੱਤਰ ਅਤੇ ਅਪਵਿੱਤਰ । ਇਸ ਤਰ੍ਹਾਂ ਦੁਰਖਾਈਮ ਅਨੁਸਾਰ, "ਧਰਮ ਵਿਸ਼ਵਾਸ ਤੇ ਸੰਸਕਾਰਾਂ ਦੀ ਸੰਯੁਕਤ ਪ੍ਰਣਾਲੀ ਹੈ, ਜਿਹੜੀ ਪਵਿੱਤਰ ਵਸਤਾਂ ਨਾਲ ਸਬੰਧ ਰੱਖਦੀ ਹੈ ਅਤੇ ਅਪਵਿੱਤਰ ਵਸਤਾਂ ਤੋਂ ਬਚਣ ਦੇ ਢੰਗ ਹਨ । ਇਹੀ ਕਾਰਨ ਹੈ ਕਿ ਸਾਰੇ ਸੰਸਾਰ ਵਿਚ ਪਵਿੱਤਰ ਅਤੇ ਅਪਵਿੱਤਰ ਵਸਤਾਂ ਪਾਈਆਂ ਜਾਂਦੀਆਂ ਹਨ ਤੇ ਸੰਸਾਰ ਵਿਚ ਅਜਿਹਾ ਕੋਈ ਧਰਮ ਨਹੀਂ ਜਿਸ ਵਿਚ ਧਰਮ ਸੰਸਕਾਰ ਨਾ ਪਾਏ ਜਾਂਦੇ ਹੋਣ ।

ਰਸਮਾਂ, ਰੀਤੀ ਰਿਵਾਜ, ਰਹੁਰੀਤਾਂ, ਸੰਸਕਾਰ ਆਦਿ ਭਾਈਚਾਰਕ ਪ੍ਰਣਾਲੀਆਂ ਦੇ ਮਨਾਂ ਦੀਆਂ ਸਿੱਕਾਂ, ਸਧਰਾਂ ਅਰਮਾਨਾਂ ਤੇ ਜ਼ਜ਼ਬਿਆਂ ਦੀ ਤਰਜਮਾਨੀ ਕਰਦੇ ਹਨ । ਇਹਨਾਂ ਦਾ ਪ੍ਰਗਟਾਵਾ ਕਿਸੇ ਕੌਮ ਦੇ ਜਨਮ, ਮਰਨ, ਵਿਆਹ ਸ਼ਾਦੀਆਂ, ਮੌਤ ਅਤੇ ਨਾਮਕਰਣ ਆਦਿ ਦੇ ਮੌਕਿਆਂ ਤੇ ਦੇਖਿਆ ਜਾ ਸਕਦਾ ਹੈ । ਇਹਨਾਂ ਦੇ ਰੰਗਮੰਚ ਸਾਡੇ ਵਿਹੜੇ ਹੁੰਦੇ ਹਨ ਅਤੇ ਪਾਤਰ ਸਾਡੇ ਪਰਿਵਾਰਾਂ ਦੇ ਮੈਂਬਰ ਜਲ ਦੇਵਤੇ ਜਾਂ ਬੈਸੰਤਰ ਦੇਵਤੇ ਤੇ ਇਹਨਾਂ ਦੀ ਅਗਵਾਈ ਸਾਡੇ ਪੰਡਤ, ਭਾਈ, ਦਾਈ ਜਾਂ ਮੁਲਾਂ ਮੁਲਾਂਣੇ ਆਦਿ ਕਰਦੇ ਹਨ । ਜਿਵੇ ਬਪਤਿਸਮਾ ਲੈਣਾ ਪ੍ਰਾਰਥਨਾਵਾ ਕਰਨੀਆਂ, ਅੰਮ੍ਰਿਤ ਛਕਣਾ, ਜਨੇਊ ਪਾਉਣਾ, ਨਮਾਜ਼ ਪੜ੍ਹਨੀ, ਨਿਤਨੇਮ ਕਰਨਾ, ਸ਼ਰਾਧ ਆਦਿ । ਵੱਖ-ਵੱਖ ਤਿਉਹਾਰਾਂ ਤੇ ਵੱਖ--ਵੱਖ ਸੰਸਕਾਰ, ਜਨਮ ਸਮੇਂ ਦੇ ਸੰਸਕਾਰ, ਮਰਨ ਸਮੇਂ ਦੇ ਸੰਸਕਾਰ, ਮਰਨ ਉਪਰੰਤ ਦੇ ਸੰਸਕਾਰ, ਜਨਮ ਤੋਂ ਪਹਿਲਾਂ ਦੇ ਸੰਸਕਾਰ, ਵਿਆਹ ਸ਼ਾਦੀ ਦੇ ਸੰਸਕਾਰ ਆਦਿ, ਵੱਖ-ਵੱਖ ਰਸਮਾਂ ਦੇ ਸਮੇਂ ਵੱਖ-ਵੱਖ ਸੰਸਕਾਰ ਆਦਿ ਕੀਤੇ ਜਾਂਦੇ ਹਨ ।

ਇੱਛਾਵਾਂ ਦੀ ਪੂਰਤੀ ਕਰਨਾ ਮਨੁੱਖੀ ਫਿਤਰਤ ਦਾ ਪਹਿਲਾ ਗੁਣ ਹੈ । ਇੱਛਾਵਾਂ ਨੂੰ ਤਿਆਗਣਾ ਸੰਸਾਰ ਨੂੰ ਤਿਆਗਣ ਦੇ ਤੁਲ ਹੈ । ਮਨੁੱਖ ਸਾਰੀ ਉਮਰ ਇਛਾਵਾਂ ਪਿਛੇ ਦੋੜਦਾ ਹੈ । ਉਸ ਦੀ ਇਹ ਮਨੋਕਾਮਨਾ ਹੁੰਦੀ ਹੈ ਕਿ ਉਸ ਦੀਆਂ ਸਭ ਇੱਛਾਵਾ ਪੂਰਨ ਹੋਣ । ਪਰ ਕੁਦਰਤ ਦੀ ਖੇਡ ਅਜਿਹੀ ਹੈ ਜਦੋ ਉਸ ਦੀ ਇਛਾ ਪੂਰੀ ਹੁੰਦੀ ਹੈ ਤਾਂ ਦੂਜੀ ਉਗਮ ਪੈਂਦੀ ਹੈ, ਇਸ ਤਰ੍ਹਾਂ ਇਹ ਕੰਮ ਨਿਰੰਤਰ ਚਲਦਾ ਰਹਿੰਦਾ ਹੈ । ਭਗਤੀ ਸਾਹਿਤ ਪਿਛੋਂ ਇਸ ਨੂੰ ਮਾਇਆ ਜਾਲ ਦੇ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ । ਅਭਿਲਾਸ਼ਾਵਾਂ ਦੀ ਪੂਰਤੀ ਲਈ ਵੀ ਮਨੁੱਖ ਵੱਖ-ਵੱਖ ਸੰਸਕਾਰ ਕਰਦਾ ਹੈ ਤਾਂ ਕਿ ਕੁਦਰਤੀ ਸ਼ਕਤੀਆਂ ਉਸ ਉਤੇ ਮੇਹਰਬਾਨ ਹੋ ਕੇ ਉਸ ਦੀਆਂ ਇੱਛਾਵਾਂ ਪੂਰਨ ਕਰਨ । ਇਹ ਸੰਸਕਾਰ ਮਾਤਾ ਦੇ ਗਰਭ ਤੋਂ ਸ਼ੁਰੂ ਹੁੰਦੇ ਹਨ ਕਿਉਂਕਿ ਗਰਭ ਨਾਲ ਵੀ ਮਨੱਖ ਦੀਆਂ ਮਨੋਕਾਮਨਾਵਾਂ ਜੁੜੀਆਂ ਹੁੰਦੀਆਂ ਹਨ ਤੇ ਸਾਰੀ ਉਮਰ

ਮਨੁੱਖ ਦੇ ਨਾਲ-ਨਾਲ ਚਲਦੀਆਂ ਹਨ । ਸੋ ਮਰਨ ਉਪਰੰਤ ਵੀ ਸੰਸਕਾਰ ਖਤਮ ਨਹੀਂ ਹੁੰਦੇ ਸਗੋਂ ਮੌਤ ਪਿਛੋਂ ਵੀ ਪਿਤਰ ਪੂਜਾ ਦੇ ਰੂਪ ਵਿਚ ਜਾਰੀ ਰਹਿੰਦੇ ਹਨ ।

ਪ੍ਰਸਿੱਧ ਧਰਮ ਸ਼ਾਸਤਰੀ ਐਵਿਲਿਨ ਅੰਡਰਹਿਲ ਲਿਖਦੀ ਹੈ ਕਿ ਕੁਦਰਤ ਦੀ ਕਠੋਰਤਾ ਅਤੇ ਅਥਾਹ ਸ਼ਕਤੀ ਸਾਹਮਣੇ ਮਨੁੱਖ ਲਾਚਾਰੀ ਵੱਸ ਜਦੋਂ ਜਜ਼ਬਿਆਂ ਦਾ ਪ੍ਰਗਟਾਵਾ ਕਰਦਾ ਹੈ ਤਾਂ ਉਸ ਸਮੇਂ ਉਹ ਜਿਹੜੇ ਢੰਗ ਤਰੀਕੇ ਵਰਤਦਾ ਹੈ ਕਦੀ ਉਹ ਬੜੇ ਊਟ ਪਟਾਂਗ ਲਗਦੇ ਹਨ, ਕਦੀ ਬੜੇ ਪਿਆਰੇ, ਕਦੀ ਇਹ ਸੰਸਕਾਰ ਬੜੇ ਸੁੰਦਰ ਲਗਦੇ ਹਨ, ਕਦੇ ਇਵੇ ਕਿਸੇ ਹੋਰ ਸੰਸਾਰ ਨਾਲ ਸੰਬੰਧਿਤ ਹੋਣ । ਇਹ ਸਾਰੇ ਢੰਗ ਤਰੀਕੇ ਧਰਮ ਸੰਸਕਾਰ ਹਨ । ਇਹ ਸੰਸਕਾਰ ਇੰਨੇ ਸਾਦੇ, ਇੰਨੇ ਮਾਸੂਮ ਲਗਦੇ ਹਨ, ਜਿਵੇ ਬੱਚਿਆਂ ਦੀ ਖੇਡ ਹੋਣਾ । ਡਾ. ਕਰਨੈਲ ਸਿੰਘ ਥਿੰਦ 'ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ' ਵਿਚ ਸੰਸਕਾਰਾਂ ਸੰਬੰਧੀ ਲਿਖਦਾ ਹੈ ਕਿ ਜਦੋਂ ਕੋਈ ਵਿਅਕਤੀ ਕਿਸੇ ਕੰਮ ਨੂੰ ਬਾਰ ਬਾਰ ਕਰਦਾ ਹੈ ਤਾਂ ਇਹ ਉਸ ਦੀ ਆਦਤ ਵੀ ਬਣ ਜਾਂਦੀ ਹੈ, ਪ੍ਰੰਤੂ ਜਦੋਂ ਸਾਰਾ ਭਾਈਚਾਰਾ ਹੀ ਉਸ ਨੂੰ ਦੁਹਰਾਉਣ ਲਗ ਜਾਂਦਾ ਹੈ ਤਾਂ ਉਹ ਸੰਸਕਾਰਾਂ ਦਾ ਰੂਪ ਧਾਰਨ ਕਰ ਜਾਂਦਾ ਹੈ । ਸੰਸਕਾਰ ਲੋਕ ਮਨ ਦਾ ਸੂਖਮ ਰੂਪ ਹਨ ਤੇ ਧਾਰਮਿਕ ਭਾਵਨਾ ਨਾਲ ਕੀਤੀਆਂ ਅਜਿਹੀਆਂ ਰਹੁਰੀਤਾਂ ਹੀ ਸਾਡੇ ਸੰਸਕਾਰਾਂ ਦਾ ਪ੍ਰਗਟਾਵਾ ਹਨ ।

ਮਨੂੰ ਸਿਮਰਤੀ ਦੇ ਦੂਜੇ ਅਧਿਆਇ ਵਿਚ ਮਹਾਰਿਸ਼ੀ ਮਨੂੰ ਨੇ ਬਾਰਾਂ ਸੰਸਕਾਰਾਂ ਦਾ ਉਲੇਖ ਕੀਤਾ ਹੈ :- ਗਰਭਾਦਾਨ, ਪੁੰਸਵਨ, ਸੀਮੰਤੋਨਯਨ, ਜਾਤਿਕਰਮ, ਨਾਮਕਰਨ, ਨਿਸ਼ਕ੍ਰਮਣ, ਅੰਨਪ੍ਰਾਸ਼ਨ, ਚੂੜਾਕਰਨ, ਉਪਨਯਨ, ਕੇਸ਼ਾਂਤ, ਸਮਾਵਰਤਨ ਅਤੇ ਵਿਵਾਹ (ਮਨੂੰ ਸਿਮਰਤੀ) ।

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿਚ ਸੰਸਕਾਰ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ :- ਉਤਮ, ਮੱਧਮ ਅਤੇ ਨਿਖਿਧ ।

ਡਾ. ਰਵੀਦ੍ਰ ਭ੍ਰਮਰ ਦੇ ਅਨੁਸਾਰ ਵਿਅਕਤੀਗਤ ਤਥਾ ਪਰਿਵਾਰਕ ਸਮੂਹਿਕ ਤਥਾਂ ਸਮਾਜਿਕ ਵਰਗਾਂ ਦੇ ਅੰਤਰਗਤ ਸਭ ਪ੍ਰਕਾਰ ਦੇ ਸੰਸਕਾਰ ਪੂਰਬ ਉਤਸਵ, ਪ੍ਰਾਰਥਨਾਵਾਂ ਤੇ ਸੰਪ੍ਰਦਾਵਾਂ ਅਤੇ ਇਨ੍ਹਾਂ ਨਾਲ ਸੰਬੰਧਿਤ ਆਚਾਰ ਵਿਹਾਰ ਆਦਿ ਅਨੁਸ਼ਠਾਨਾਂ ਵਿਚ ਹੀ ਸੀਮਤ ਮੰਨੇ ਜਾਂਦੇ ਹਨ ।

(ਹਿੰਦੀ ਭਗਤੀ ਸਾਹਿਤ ਮੇ ਲੋਕਤੱਤਵ ਪੰਨਾ 8)

W. C. Summer ਅਨੁਸਾਰ ਸੰਸਕਾਰਾਂ ਵਿਚ ਕੋਈ ਨਵੀਨਤਾ ਜਾਂ ਮੌਲਿਕਤਾ ਨਹੀਂ ਹੁੰਦੀ ਅਤੇ ਨਾ ਹੀ ਇਹਨਾਂ ਦੀ ਪ੍ਰਗਤੀ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ ।

ਸਾਹਿਬ ਸਿੰਘ ਅਨੁਸਾਰ ਅਸਲ ਵਿਚ ਲੋਕ ਮਨ ਅਤੇ ਪਰੰਪਰਾ ਇਨ੍ਹਾਂ ਨੂੰ ਵਿਰਸੇ ਦੀ ਵਸਤੂ ਬਣਾਈ ਰੱਖਦੇ ਹਨ । ਇਹ ਅਨੁਸ਼ਠਾਨ ਆਰੰਭ ਵਿਚ ਭਾਵੇਂ ਛੋਟੀ ਜਿਹੀ ਲੋੜ ਨੂੰ ਜਾਂ ਕਿਸੇ ਚਾਅ ਮਾਲ੍ਹਾਰ ਨੂੰ ਪੂਰਾ ਕਰਨ ਲਈ ਸ਼ੁਰੂ ਹੋਏ ਹੋਣ, ਪਰ ਸਹਿਜੇ-ਸਹਿਜੇ ਇਹ ਆਪਣਾ ਖਿਲਾਰਾ ਇਤਨਾ ਖਿਲਾਰ ਲੈਂਦੇ ਹਨ ਕਿ ਅਨਪੜ੍ਹ ਭੋਲੇ ਭਾਲੇ ਸਾਦੇ ਲੋਕਾਂ ਦੁਆਲੇ ਇਨ੍ਹਾਂ ਦਾ ਇਕ ਜਾਲ ਜਿਹਾ ਵਿਛ ਜਾਂਦਾ ਹੈ, ਜਿਸ ਵਿਚੋਂ ਧਾਰਮਿਕ ਜਾਂ ਭਾਈਚਾਰਿਕ ਦਬਾਉ ਕਾਰਨ ਲੋਕ ਨਿਕਲ ਨਹੀਂ ਸਕਦੇ । ਤ (ਸਾਹਿਬ ਸਿੰਘ, ਆਦਿ ਬੀੜਾਂ ਬਾਰੇ, ਪੰਨਾ-26)

ਧੀਰੇਂਦਰ ਨਾਥ ਮਜੂਮਦਾਰ (Majumdar) ਆਪਣੀ ਪੁਸਤਕ ਨਸਲਾਂ ਅਤੇ ਸਭਿਆਚਾਰ (Races and Cultures) ਵਿਚ ਲਿਖਦਾ ਹੈ ਕਿ ਧਰਮ ਵਿਚ ਵਿਸ਼ਵਾਸ ਅਤੇ ਸੰਸਕਾਰ ਹੀ ਹੁੰਦੇ ਹਨ, ਪਵਿੱਤਰ ਵਸਤਾਂ ਪ੍ਰਤੀ ਵਿਸ਼ਵਾਸ ਅਤੇ ਇਹਨਾਂ ਨਾਲ ਸੰਬੰਧਿਤ ਸੰਸਕਾਰ । ਕੇਵਲ ਵਿਸ਼ਵਾਸ ਨਾਲ ਹੀ ਧਰਮ ਦੀ ਸਿਰਜਣਾ ਨਹੀ ਹੁੰਦੀ ਸਗੋਂ ਇਹ ਸੰਸਕਾਰ ਹੀ ਹੁੰਦੇ ਹਨ ਜਿਹੜੇ ਧਰਮ ਨੂੰ ਚੇਤਨ ਸ਼ਕਤੀ ਦਿੰਦੇ ਹਨ ।

**ਪਰਿਭਾਸ਼ਾ** :

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ, 'ਕੁਦਰਤ ਸਾਹਮਣੇ ਮਨੁੱਖ ਹਮੇਸ਼ਾਂ ਲਾਚਾਰ ਰਿਹਾ ਹੈ. ਇਸ ਤਰ੍ਹਾਂ ਮਨੁੱਖ ਦੇ ਕੁਦਰਤ ਅੱਗੇ ਕੀਤੇ ਲਾਚਾਰੀ ਵੱਸ ਕੰਮਾਂ ਨੂੰ ਜਿਹਨਾਂ ਕਰਕੇ ਉਹ ਸੋਚਦਾ ਹੈ ਕਿ ਉਹ ਪਵਿੱਤਰ ਵਸਤਾਂ ਨੂੰ ਪ੍ਰਾਪਤ ਕਰੇ ਅਤੇ ਅਪਵਿੱਤਰ ਵਸਤਾਂ ਦੇ ਕਰੋਪ ਤੋਂ ਬਚ ਸਕੇ, ਉਸ ਦਾ ਜੀਵਨ ਮੰਗਲਮਈ ਹੋਵੇ, ਉਸ ਦੇ ਕੰਮ ਸੰਪੂਰਣ ਹੋਣ, ਜ਼ਿੰਦਗੀ ਚੰਗੀ ਬੀਤੇ ਆਦਿ । ਇਹ ਲਾਚਾਰੀ ਵੱਸ ਕੀਤੇ ਖਾਸ ਮੌਕਿਆਂ ਤੇ ਖਾਸ

ਵਿਧੀਆਂ ਰਾਹੀਂ ਕੰਮ ਧਰਮ ਸੰਸਕਾਰ ਅਖਵਾਉਂਦੇ ਹਨ ।

**ਪਿਛੋਕੜ**

ਇਹ ਸੰਸਕਾਰ ਕਿਵੇਂ ਉਪਜੇ ਅਤੇ ਇਹਨਾਂ ਪਿਛੇ ਕੀ ਕੀ ਮਨੋਰਥ ਕੰਮ ਕਰਦੇ ਹਨ, ਇਹ ਇਕ ਬੜਾ ਦਿਲਚਸਪ ਵਿਸ਼ਾ ਹੈ । ਮੁਢਲੇ ਮਨੁੱਖ ਲਈ ਕੁਦਰਤੀ ਆਫਤਾਂ ਅਤੇ ਉਹਨਾਂ ਦਾ ਭੈਅ ਜ਼ਿਆਦਾ ਸੀ । ਉਸ ਨੂੰ ਹਰ ਕੁਦਰਤੀ ਕ੍ਰਿਸ਼ਮੇ ਪਿਛੇ ਕੋਈ ਨਾ ਕੋਈ ਸ਼ਕਤੀ ਕੰਮ ਕਰਦੀ ਪ੍ਰਤੀਤ ਹੁੰਦੀ । ਹਰ ਕੁਦਰਤੀ ਘਟਨਾ ਜੋ ਉਸ ਦੇ ਜੀਵਨ ਨੂੰ ਪ੍ਰਭਾਵਿਤ ਕਰਦੀ, ਉਸ ਦੇ ਜੀਵਨ ਤੇ ਚੰਗਾ ਜਾ ਮਾੜਾ ਅਸਰ ਛੱਡਦੀ, ਕਈ ਵਾਰ ਉਸ ਲਈ ਲਾਭਦਾਇਕ ਹੁੰਦੀ ਕਈ ਵਾਰ ਬਹੁਤ ਨੁਕਸਾਨ ਪੁਚਾਉਂਦੀ ਤੇ ਮਨੁੱਖ ਹਮੇਸ਼ਾਂ ਇਹਨਾਂ ਕੁਦਰਤੀ ਆਫਤਾਂ ਤੋਂ ਜਿਹਨਾਂ ਤੋਂ ਉਸ ਨੂੰ ਬਹੁਤ ਲਾਭ ਹੁੰਦਾ ਉਹਨਾਂ ਤੋਂ ਹੋਰ ਲਾਭ ਲੈਣ ਲਈ ਤੇ ਨੁਕਸਾਨਦਾਇਕ ਆਫਤਾਂ ਤੋਂ ਬਚਣ ਲਈ ਕਈ ਉਪਾਅ ਕਰਦਾ । ਬਹੁਤੇ ਸੰਸਕਾਰਾਂ ਦਾ ਜਨਮ ਇਹਨਾਂ ਕੁਦਰਤੀ ਆਫਤਾ ਨੂੰ ਪਤਿਆਉਣ ਜਾਂ ਰੀਝਾਉਣ ਵਿਚ ਹੀ ਲੱਭਿਆ ਜਾ ਸਕਦਾ ਹੈ । ਵੱਖ-ਵੱਖ ਉਪਾਵਾਂ ਨੂੰ ਵੱਖ-ਵੱਖ ਸੰਸਕਾਰਾਂ ਨਾਲ ਜੋੜ ਦਿੱਤਾ ਗਿਆ ਤੇ ਵੱਖ-ਵੱਖ ਉਪਾਵਾਂ ਲਈ ਵੱਖ-ਵੱਖ ਸਮੱਗਰੀ ਤੇ ਸਮੇਂ ਸਥਾਨ ਨਾਲ ਸਬੰਧਿਤ ਕਰ ਦਿੱਤਾ ਗਿਆ ਹੈ ।

ਮਨੁੱਖ ਦਾ ਧਾਰਮਿਕ ਤਜ਼ਰਬਾ ਬਹੁਤ ਸਾਰੇ ਪੜਾਵਾਂ ਵਿਚੋਂ ਦੀ ਲੰਘਿਆ । ਪ੍ਰਾਚੀਨ ਮਨੁੱਖ ਨੇ ਕੁਦਰਤੀ ਤਾਕਤਾਂ ਨੂੰ ਭਾਗਾਂ ਵਿਚ ਵੰਡਿਆ ਹੋਇਆ ਸੀ । ਇਕ ਉਹ ਜੋ ਉਸ ਦੇ ਜੀਵਨ ਲਈ ਮੰਗਲਮਈ ਸਨ ਤੇ ਦੂਜੀਆਂ ਜੋ ਉਸ ਨੂੰ ਨੁਕਸਾਨ ਪੁਚਾਉਦੀਆਂ ਸਨ । ਭਾਵੇਂ ਉਹ ਨੁਕਸਾਨ ਦੇਣ ਵਾਲੀਆਂ ਤਾਕਤਾਂ ਦੇ ਨੁਕਸਾਨ ਤੋਂ ਬਚਣ ਲਈ ਤੇ ਮੰਗਲਮਈ ਤੋਂ ਹੋਰ ਲਾਭ ਲੈਣ ਲਈ ਹਰ ਸੰਭਵ ਯਤਨ ਕਰਦਾ ਪਰ ਜੋ ਤਾਕਤਾਂ ਉਸ ਲਈ ਮੰਗਲਮਈ, ਫਾਇਦੇਮੰਦ ਸਨ ਉਹ ਪਵਿੱਤਰ ਅਖਵਾਉਣ ਲੱਗੀਆਂ ਤੇ ਜੋ ਉਸ ਲਈ ਹਾਨੀਕਾਰਕ ਜਾਂ ਨੁਕਸਾਨਦਾਇਕ ਸਿੱਧ ਹੁੰਦੀਆਂ ਸਨ ਉਹ ਅਪਵਿੱਤਰ ਮੰਨੀਆਂ ਜਾਣ ਲੱਗੀਆਂ । ਇਥੋਂ ਹੀ ਡਰ ਦੇ ਸੰਕਲਪ ਦੀ ਰਚਨਾ ਹੋਈ ਤੇ ਉਸ ਡਰ ਤੋਂ ਬਚਣ ਲਈ ਕਈ ਕਿਸਮ ਦੇ ਪੂਜਾ ਪਾਠਾਂ ਦਾ ਕੰਮ ਆਰੰਭ ਹੋਇਆ । ਪਵਿੱਤਰ ਵਸਤਾਂ ਤੋਂ ਹੋਰ ਫਾਇਦੇ ਲਈ ਤੇ ਅਪਵਿੱਤਰ ਵਸਤਾਂ ਦੇ ਨੁਕਸਾਨ ਤੋਂ ਬਚਣ ਲਈ ਵੱਖ-ਵੱਖ ਤਰ੍ਹਾਂ ਦੇ ਪੂਜਾ ਪਾਠ ਤੇ ਰਸਮਾਂ ਕੀਤੀਆਂ ਜਾਣ ਲੱਗੀਆਂ । ਵੱਖ-ਵੱਖ ਕਲਪਤ ਦੇਵਤੇ ਘੜ ਲਏ ਗਏ । ਇਹਨਾ ਤਰ੍ਹਾਂ ਤਰ੍ਹਾਂ ਦੇ ਦੇਵਤਿਆਂ ਨੂੰ ਖੁਸ਼ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਸੰਸਕਾਰਾਂ ਦੀ ਰਚਨਾ ਹੋਈ ।

ਆਦਿ ਮਨੁੱਖ ਦਾ ਇਹ ਵਿਸ਼ਵਾਸ ਸੀ ਕਿ ਹਰ ਵਸਤੂ ਵਿਚ ਇਕ ਰੂਹ ਕੰਮ ਕਰਦੀ ਹੈ । ਇਹ ਰੂਹਾਂ ਮਨੁੱਖ ਵਾਂਗੂ ਹਨ ਅਤੇ ਪ੍ਰਸੰਨ ਅਤੇ ਅਪ੍ਰਸੰਨ ਹਾਲਤਾਂ ਵਿਚ ਹੁੰਦੀਆਂ ਹਨ । ਇਸ ਲਈ ਕਿਸੇ ਵੀ ਹਾਲਤ ਵਿਚ ਇਹਨਾ ਨੂੰ ਨਾਰਾਜ ਨਹੀਂ ਕਰਨਾ ਚਾਹੀਦਾ । ਇਹ ਰੂਹਾਂ ਪ੍ਰਸੰਨ ਹੋਣ ਉਤੇ ਵਰਦਾਨ ਦਿੰਦੀਆਂ ਅਤੇ ਅਪ੍ਰਸੰਨ ਹੋਣ ਉਤੇ ਭਾਰੀ ਨੁਕਸਾਨ ਪੁਚਾ ਸਕਦੀਆਂ ਹਨ । ਮਨੁੱਖ ਨੇ ਇਹਨਾਂ ਰੂਹਾਂ ਨੂੰ ਮਨਾਉਣ ਲਈ ਵੱਖ-ਵੱਖ ਸੰਸਕਾਰ ਘੜ ਲਏ ਤਾਂ ਕਿ ਇਹਨਾਂ ਤੋਂ ਮਨਚਾਹੇ ਫਲ ਪ੍ਰਾਪਤ ਕੀਤੇ ਜਾ ਸਕਣ ।

ਆਦਿ ਕਾਲ ਤੋ ਅੱਜ ਦੇ ਮਨੁੱਖ ਤੱਕ ਜਨਮ ਤੇ ਮੌਤ ਇਕ ਰਹੱਸ ਬਣਿਆ ਹੋਇਆ ਹੈ । ਮਨੁੱਖ ਦਾ ਇਹ ਵਿਸ਼ਵਾਸ ਅੱਜ ਤੱਕ ਨਹੀ ਟੁਟਿਆ ਕਿ ਜਨਮ ਅਤੇ ਮੌਤ ਲਈ ਕੁਝ ਕੁਦਰਤੀ ਤਾਕਤਾਂ ਜ਼ਿੰਮੇਵਾਰ ਹਨ । ਜਿਥੇ ਇਹ ਤਾਕਤਾਂ ਖੁਸ਼ ਹੁੰਦੀਆਂ ਹਨ ਉਦੋਂ ਜਸ਼ਨ ਮਨਾਏ ਜਾਂਦੇ ਹਨ ਜਿਥੇ ਇਹ ਤਾਕਤਾਂ ਨਾਰਾਜ ਹੋਣ ਉਥੇ ਗਮ ਅਤੇ ਮੌਤ ਦਾ ਵਾਸਾ ਹੁੰਦਾ ਹੈ । ਹਰ ਕਬੀਲੇ ਨੇ ਇਹਨਾਂ ਅਦਿਖ ਸ਼ਕਤੀਆਂ ਨੂੰ ਖੁਸ਼ ਕਰਨ ਲਈ ਆਪਣੀ ਆਪਣੀ ਸੂਝ ਅਨੁਸਾਰ ਰਸਮਾਂ ਘੜ ਲਈਆਂ ਤਾਂ ਕਿ ਇਹਨਾਂ ਅਦਿੱਖ ਸ਼ਕਤੀਆਂ ਨੂੰ ਮਨੁੱਖਤਾ ਦੀ ਭਲਾਈ ਹਿਤ ਵਰਤਿਆ ਜਾ ਸਕੇ ।

ਆਦਿ ਕਾਲ ਦਾ ਮਨੁੱਖ ਕੁਦਰਤ ਦੇ ਬਹੁਤ ਨੇੜੇ ਸੀ । ਉਹ ਕੁਦਰਤ ਦੀ ਗੋਦ ਵਿਚ ਖੇਡਦਾ, ਕੁਦਰਤ ਨੂੰ ਮਾਣਦਾ ਅਤੇ ਅੰਤ ਕੁਦਰਤ ਵਿਚ ਹੀ ਵਿਲੀਨ ਹੋ ਜਾਂਦਾ । ਉਸ ਦਾ ਵਿਸ਼ਵਾਸ ਸੀ ਕਿ ਉਹ ਵੀ ਕੁਦਰਤ ਦੀਆਂ ਬਾਕੀ ਵਸਤਾਂ ਵਾਗੂ ਕੁਦਰਤ ਦਾ ਹੀ ਅੰਗ ਹੈ । ਜਿਸ ਤਰ੍ਹਾਂ ਦਰਖਤ, ਬੂਟੇ, ਜਾਨਵਰ ਅਪਣੀ ਉਮਰ ਭੋਗ ਕੇ ਨਸ਼ਟ ਹੋ ਜਾਂਦੇ ਹਨ ਇਸੇ ਤਰ੍ਹਾ ਮਨੁੱਖ ਵੀ ਮੌਤ ਉਪਰੰਤ ਗਲ ਸੜ ਜਾਂਦਾ ਹੈ । ਉਸ ਲਈ ਬੀਜ ਵਿਚੋਂ ਬੂਟੇ ਦਾ ਪੈਦਾ ਹੋਣਾ ਅਤੇ ਬੱਚੇ ਦਾ ਜਨਮ ਹੋਣਾ ਇਕੋ ਜਿਹੀਆਂ ਘਟਨਾਵਾਂ ਸਨ ।

ਕੁਝ ਸੰਸਕਾਰ ਖੁਸ਼ੀਆਂ ਗਮੀਆਂ ਦੇ ਪ੍ਰਗਟਾਵੇ ਵਿਚੋਂ ਹੋਂਦ ਵਿਚ ਆਏ । ਖੁਸ਼ੀ ਲਈ ਵੱਖਰੇ ਚਿੰਨ੍ਹ ਘੜ ਲਏ ਗਏ ਜਿਹਨਾਂ ਨੂੰ ਦੇਖ ਕੇ ਹਰ ਕੋਈ ਅੰਦਾਜ਼ਾ ਲਾ ਸਕਦਾ ਸੀ ਕਿ ਇਸ ਘਰ ਕੋਈ ਖੁਸ਼ੀ ਦਾ ਕੰਮ ਹੋਇਆ ਹੈ । ਜਿਵੇ ਹਰਿਆਵਲ ਨੂੰ ਖੁਸ਼ੀ ਦਾ ਪ੍ਰਤੀਕ ਮੰਨਿਆ ਗਿਆ । ਜਿਸ ਘਰ ਕੋਈ ਖੁਸ਼ੀ ਦਾ ਕੰਮ ਹੋਵੇ ਉਸ ਘਰ ਅੱਜ ਵੀ ਲਾਗੀ ਲੋਕ ਹਰੇ ਘਾਹ ਦੀ ਦੁੱਬ ਦੇ ਕੇ ਆਉਂਦੇ ਹਨ ਜਾਂ ਆਪਣੇ ਜਜਮਾਨ ਦੇ ਵਾਲਾ ਵਿਚ ਟੰਗਦੇ ਹਨ । ਅੱਜ ਵੀ ਪੁੱਤਰ ਜਨਮ ਤੇ ਘਰ ਦੇ ਮੁਖ ਦਰਵਾਜ਼ੇ ਤੇ ਦਰਖਤ ਦੇ ਹਰੇ ਪੱਤੇ ਜਾਂ ਹਰੀਆਂ ਟਾਹਣੀਆਂ ਟੰਗੀਆਂ ਜਾਂਦੀਆਂ ਹਨ ਜੋ ਕਿ ਖੁਸ਼ੀ ਦੇ ਪ੍ਰਗਟਾਵੇ ਦਾ ਪ੍ਰਤੀਕ ਹੈ । ਸੋਕਾ, ਉਜਾੜੇ ਤੇ ਵਿਨਾਸ਼ ਦਾ ਸੂਚਕ ਮੰਨਿਆ ਜਾਂਦਾ ਹੈ । ਅੱਜ ਵੀ ਕੁਝ ਕਿਸਾਨ ਆਪਣੇ ਹਰੇ ਭਰੇ ਖੇਤਾਂ ਵਿਚੋਂ ਸੁੱਕੇ ਪੱਠਿਆਂ ਦੀ ਭਰੀ ਲੈ ਕੇ ਨਹੀਂ ਗੁਜ਼ਰਨ ਦਿੰਦੇ । ਉਹਨਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੇ ਖੇਤ ਦੀ ਫਸਲ ਵੀ ਫੂਸ ਦਾ ਰੂਪ ਧਾਰਨ ਕਰ ਲਵੇਗੀ । ਨਾਟਕ ਅਤੇ ਥੀਏਟਰ ਵਿਚ ਵੀ ਉਜਾੜੇ ਤੇ ਵਿਨਾਸ਼ ਵਾਲੇ ਸੀਨ ਵਿਚ ਸੁਕੇ ਦਰਖਤ ਆਦਿ ਹੀ ਦਿਖਾਏ ਜਾਂਦੇ ਹਨ ।

ਆਦਿ ਮਨੁੱਖ ਤੋਂ ਵਿਗਿਆਨ ਦੇ ਯੁਗ ਤੱਕ ਮਨੁੱਖ ਕੁਦਰਤ ਨੂੰ ਆਪਣੇ ਲਾਭ ਹਿਤ ਵਰਤਣ ਲਈ ਯਤਨਸ਼ੀਲ ਰਿਹਾ । ਤਬਦੀਲੀ ਕੁਦਰਤ ਦਾ ਪਹਿਲਾ ਨਿਯਮ ਹੈ । ਕਦੀ ਦਿਨ ਹੈ ਕਦੀ ਰਾਤ ਹੈ, ਕਦੀ ਕਹਿਰ ਦੀ ਗਰਮੀ ਤੇ ਕਦੀ ਕੜਾਕੇ ਦੀ ਠੰਢ, ਕਦੀ ਬਰਸਾਤ ਉਸ ਲਈ ਜੀਵਨ ਪ੍ਰਦਾਨ ਕਰਨ ਵਾਲੀ ਬਣਦੀ ਹੈ ਕਦੀ ਉਸ ਦਾ ਸਭ ਕੁਝ ਰੋੜ ਕੇ ਲੈ ਜਾਂਦੀ ਹੈ ਤੇ ਕਦੀ ਸੋਕਾ ਪੈ ਜਾਂਦਾ ਹੈ । ਹਵਾ ਮਨੁੱਖ ਲਈ ਜੀਵਨ ਨਿਰਬਾਹ ਹੈ ਪਰ ਕਈ ਵਾਰ ਸਭ ਕੁਝ ਉਡਾ ਕੇ ਲੈ ਜਾਂਦੀ ਹੈ । ਆਦਿ ਮਨੁੱਖ ਨੇ ਸੋਚਿਆ ਕਿ ਇਹ ਵਸਤਾਂ ਉਦੋਂ ਹੀ ਨੁਕਸਾਨਦਾਇਕ ਹੁੰਦੀਆਂ ਹਨ ਜਦੋਂ ਇਹਨਾਂ ਦੀ ਉਪਾਸਨਾ ਨਾ ਕੀਤੀ ਜਾਵੇ । ਇਹਨਾਂ ਨੂੰ ਖੁਸ਼ ਰੱਖ ਕੇ ਮਨੁੱਖ ਖੁਸ਼ ਰਹਿ ਸਕਦਾ ਹੈ । ਇਹਨਾਂ ਨੂੰ ਮਨਾਉਣ ਲਈ ਵੱਖ-ਵੱਖ ਢੰਗ ਤਰੀਕੇ ਅਤੇ ਸੰਸਕਾਰ ਘੜ ਲਏ ਗਏ । ਜਿਵੇ ਬੱਦਲਾਂ ਨੂੰ ਬੁਲਾਉਣ ਲਈ ਬੱਦਲਾਂ ਦੇ ਦੇਵਤੇ ਇੰਦਰ ਨੂੰ ਪੂਜਿਆ ਜਾਣ ਲੱਗਾ । ਉਸ ਨੂੰ ਖੁਸ਼ ਕਰਨ ਲਈ ਯੱਗ ਹਵਨ ਕੀਤੇ ਜਾਣ ਲੱਗੇ ਤਾਂ ਕਿ ਇੰਦਰ ਦੇਵਤਾ ਖੁਸ਼ ਹੋ ਕੇ ਵਰਖਾ ਕਰ ਦੇਵੇ । ਹਜ਼ਾਰਾਂ ਸਾਲ ਬੀਤਣ ਉਪਰੰਤ ਇਹ ਸੰਸਕਾਰ ਅਜ ਤੱਕ ਸਾਡੇ ਸਮਾਜ ਵਿਚ ਚੱਲਿਆ ਆਉਂਦਾ ਹੈ । ਭਾਵੇਂ ਯੱਗ ਕਰਨ ਨਾਲ ਵਰਖਾ ਹੋਵੇ ਜਾਂ ਨਾ ਅੱਜ ਤਕ ਲੋਕਾ ਦਾ ਮੁੱਦਤਾਂ ਤੋਂ ਲੈ ਕੇ ਇੰਦਰ ਦੇਵਤੇ ਤੋਂ ਵਿਸ਼ਵਾਸ ਨਹੀਂ ਉਠਿਆ ।

ਡਾ. ਫਰੀਅਰ ਅਜਿਹੀਆਂ ਰਸਮਾਂ ਨੂੰ ਸ਼ੁਧ ਅੰਧ-ਵਿਸ਼ਵਾਸ ਆਖਦੇ ਹਨ ਕਿਉਂਕਿ ਇਹਨਾਂ ਰਸਮਾਂ ਦਾ ਕੁਦਰਤ ਦੇ ਗਤੀਸ਼ੀਲ ਵਿਧਾਨ ਨਾਲ ਦੂਰ ਨੇੜੇ ਦਾ ਵੀ ਕੋਈ ਸਬੰਧ ਨਹੀਂ, ਨਾ ਕਦੀ ਹੋਵੇਗਾ । ਪਾਲ ਚੇਦਿਨ ਧਾਰਮਿਕ ਰਸਮਾਂ ਨੂੰ ਪੁਜਾਰੀ ਦੇ ਨਾਟਕ ਆਖਦਾ ਹੋਇਆ ਕਹਿੰਦਾ ਹੈ ਕਿ ਅਜਿਹੇ ਨਾਟਕ ਜਿਹਨਾਂ ਦੀ ਸਾਰਥਕਤਾ ਦਾ ਨਾਂ ਦਰਸ਼ਕ ਨੂੰ ਪਤਾ ਹੈ ਨਾ ਪੁਜਾਰੀ ਨੂੰ । ਇਹ ਸੰਸਕਾਰ ਹਰ ਧਰਮ ਵਿੱਚ, ਹਰ ਕਬੀਲੇ ਵਿੱਚ ਹਰ ਸਥਾਨ ਤੇ ਵੱਖ-ਵੱਖ ਹਨ । ਰਸਮਾਂ ਵਿਚ ਭਿੰਨਤਾ ਰਸਮਾਂ ਦੀ ਉਚਿਤਤਾ ਅਤੇ ਕਾਰਜ-ਕੁਸ਼ਲਤਾ ਉਤੇ ਕਿੰਤੂ ਹੈ । ਰੀਵਰ ਅਤੇ ਬੋਸਵੇਲ ਅਨੁਸਾਰ ਸੰਸਕਾਰ ਪਰੰਪਰਾਗਤ ਤੌਰ ਤੇ ਪ੍ਰਵਾਨ ਕਰ ਲਈ ਗਈ ਧਾਰਣਾ ਹੈ ਜਿਸ ਵਿਚ ਅਦਭੁਤ (ਪਰਾ ਸਰੀਰਕ) ਵਿਸ਼ਵਾਸ ਵੀ ਆ ਜਾਂਦੇ ਹਨ, ਜਿਹਨਾਂ ਨੂੰ ਲੋਕਾਂ ਨਾਲ ਸਬੰਧਿਤ ਕਰਨ ਅਤੇ ਹੋਰ ਪ੍ਰਭਾਵਾ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿਚ ਅਣਗਿਣਤ ਪੀੜ੍ਹੀਆਂ ਬੀਤ ਚੁਕੀਆਂ ਹਨ । ਸੰਸਕਾਰ ਸ਼ਬਦ ਵਿਚ ਸਾਰੀਆਂ ਭਾਵਾਤਮਕ ਜਾਂ ਤਰਕ ਰਹਿਤ ਭਾਵਨਾਵਾਂ ਸੰਮਿਲਿਤ ਹਨ ਆਸਬਰਨ ਹਾਪਕਿਨਜ਼ ਅਨੁਸਾਰ ਧਾਰਮਿਕ ਰਸਮਾਂ ਭਾਵਨਾ ਅਤੇ ਵਿਸ਼ਵਾਸਾਂ ਦਾ ਸੁਮੇਲ ਹਨ ।

ਮਨੂੰ ਦੀ ਭਾਈਚਾਰਕ ਵੰਡ ਅਨੁਸਾਰ ਮਨੁੱਖ ਦੇ ਜੀਵਨ ਨੂੰ ਚਾਰ ਭਾਗਾਂ ਬ੍ਰਹਮਚਰਜ, ਗ੍ਰਹਿਸਥ, ਵਾਣ ਪ੍ਰਸਥ ਅਤੇ ਸੰਨਿਆਸ ਵਿਚ ਵੰਡਿਆ ਗਿਆ ਸੀ ਅਤੇ ਹਰ ਭਾਗ ਦੇ ਵੱਖ-ਵੱਖ ਸੰਸਕਾਰ ਬੱਝੇ ਹੋਏ ਹਨ । ਸੰਸਕਾਰ ਸੰਸਥਾ ਦਾ ਰੂਪ ਧਾਰਨ ਕਰ ਗਏ ਕਿਉਂਕਿ ਉਦੋਂ ਅਜ ਵਾਲੀਆਂ ਸਮਾਜਿਕ ਸਾਇੰਸਾਂ ਹੋਂਦ ਵਿਚ ਨਹੀਂ ਸਨ ਆਈਆਂ । ਜਨਮ ਸਮੇਂ ਦੇ ਸੰਸਕਾਰ ਜਨਮ ਵਿਗਿਆਨ ਦਾ ਕੰਮ ਦਿੰਦੇ ਸਨ ਅਤੇ ਬ੍ਰਹਮਚਾਰੀ ਜੀਵਨ ਦੇ ਸੰਸਕਾਰ ਆਚਰਨ ਉਸਾਰੀ, ਸਦਾਚਾਰਕ ਪਾਬੰਦੀ, ਵਿਦਿਆ ਅਤੇ ਸਮੁਚੀ ਜਾਗਰਤੀ ਦਾ ; ਵਿਆਹ ਸੰਸਕਾਰ, ਵਿਆਹ ਦੇ ਸਰੂਪ ਤੇ ਇਸ ਦੀ ਮਰਿਆਦਾ ਦੱਸ ਕੇ ਪਰਿਵਾਰਿਕ ਜੀਵਨ ਨੂੰ ਸਥਿਰ ਕਰਦੇ ਸਨ ਤੇ ਸਮਾਜਿਕ ਵਿਗਿਆਨ ਦਾ ਕੰਮ ਦਿੰਦੇ ਹਨ । ਗੱਲ

ਕੀ, ਸਾਰੇ ਸੰਸਕਾਰ, ਸ਼ਖਸੀਅਤ ਦੇ ਵਿਕਾਸ, ਆਚਰਣ ਦੀ ਸ਼ੁਧੀ ਅਤੇ ਸਮੁੱਚੀ ਮਾਨਵ ਰੁਚੀ ਪਰਫੁਲਤ ਕਰਨ ਵਿਚ ਸਹਾਈ ਸਨ। ਇਹਨਾਂ ਮਰਿਆਦਾਵਾਂ ਵਿਚ ਬੱਝੇ ਸਾਡੇ ਵਡਾਰੂ ਰੋਜ਼ਾਨਾ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਦੀ ਚਿੰਤਾ ਨਹੀਂ ਸਨ ਕਰਦੇ।

ਆਸ਼ਬਰਨ ਹਾਪਕਿਨਜ਼ ਲਿਖਦੇ ਹਨ ''ਧਾਰਮਿਕ ਰਸਮਾਂ ਭਾਵਨਾਵਾਂ ਅਤੇ ਵਿਸ਼ਵਾਸਾਂ ਦਾ ਸੁਮੇਲ ਹਨ, ਸਾਲ ਵਿਚ ਮੌਕੇ, ਮਹੀਨੇ ਤੇ ਦਿਨ ਨਿਸ਼ਚਿਤ ਹਨ ਇਹਨਾਂ ਰਸਮਾ ਲਈ, ਪਰ ਕਈ ਵਾਰ ਰਸਮਾਂ ਅਨਿਸ਼ਚਿਤ ਮੌਕਿਆਂ ਤੇ ਵੀ ਕੀਤੀਆਂ ਜਾਂਦੀਆਂ ਹਨ ਜਿਵੇਂ ਜਨਮ ਤੇ ਮੌਤ ਆਦਿ। ਅਜਿਹੇ ਮੌਕਿਆਂ ਤੇ ਵੀ ਪੁਜਾਰੀ ਨਿਸ਼ਚਿਤ ਰਸਮਾਂ ਨਿਸ਼ਚਿਤ ਮਰਿਆਦਾ-ਅਨੁਸਾਰ ਨਿਭਾਉਦਾ ਹੈ। ਰਸਮਾਂ ਧਰਮ ਨੂੰ ਸਾਂਭ ਕੇ ਵੀ ਰਖਦੀਆਂ ਹਨ ਤੇ ਉਸ ਦਾ ਦਿਖਾਵਾ ਵੀ ਕਰਦੀਆਂ ਹਨ। ਪਰ ਕਈ ਵਾਰ ਜਿਸ ਮਕਸਦ ਲਈ ਰਸਮ ਸ਼ੁਰੂ ਹੋਈ ਹੈ, ਉਹ ਪਿਛੇ ਰਹਿ ਜਾਂਦੀ ਹੈ ਤੇ ਰਸਮ ਅੱਗੇ ਤੁਰਦੀ ਜਾਂਦੀ ਹੈ। ਕਈ ਧਾਰਮਿਕ ਰਸਮਾਂ ਦਾ ਭਾਵੇਂ ਕੋਈ ਮਕਸਦ ਨਾ ਹੋਵੇ ਉਹ ਤਾਂ ਵੀ ਚਲਦੀਆਂ ਰਹਿੰਦੀਆਂ ਹਨ ਕਿਉਂਕਿ ਮਨੁੱਖ ਦਾ ਧਰਮ ਨਾਲ ਸਿੱਧਾ ਮਾਨਸਿਕ ਤੇ ਸਰੀਰਕ ਸੰਪਰਕ ਜੁੜਦਾ ਹੈ। ਧਾਰਮਿਕ ਰਸਮਾਂ ਮਨੁੱਖ ਦੇ ਅਦ੍ਰਿਸ਼ਟ ਸੰਸਾਰ ਦੇ ਵਿਸ਼ਵਾਸ ਨੂੰ ਪੱਕਾ ਕਰਦੀਆ ਹਨ।

ਧਾਰਮਿਕ ਰਸਮਾਂ ਦੇ ਇਹ ਸੰਸਕਾਰ ਅਗਨੀ, ਪਾਣੀ, ਲੋਹੇ, ਅਨਾਜ ਅਤੇ ਬ੍ਰਿਛਾਂ ਦੀਆਂ ਟਾਹਣੀਆਂ ਰਾਹੀ ਨੇਪਰੇ ਚਾੜ੍ਹੇ ਜਾਂਦੇ ਹਨ। ਅਗਨੀ ਚਾਨਣ ਦਾ ਪ੍ਰਤੀਕ ਹੈ। ਪਾਣੀ ਸ਼ੁੱਧਤਾ ਦਾ ਪ੍ਰਤੀਕ ਹੈ। ਲੋਹਾ ਬਚਾਉ ਦਾ, ਅਨਾਜ ਚੜ੍ਹਾਵੇ ਦਾ ਅਤੇ ਬ੍ਰਿਛ ਦੀਆਂ ਟਾਹਣੀਆਂ ਜਾਂ ਹਰੀ ਦੁੱਬ ਚੰਗੇ ਸ਼ਗਨਾਂ ਦੀ ਸੂਚਕ ਹੈ। ਇਸੇ ਤਰ੍ਹਾਂ ਟੂਣੇ ਟਾਮਣ, ਦਿਸ਼ਾ ਭਰਮ, ਪਸ਼ੂਆਂ ਦੀਆਂ ਕੁਰਬਾਨੀਆਂ ਅਤੇ ਪੂਜਾ ਪਾਠ ਵੀ ਸਾਡੇ ਸੰਸਕਾਰਾਂ ਵਿਚ ਚੋਖਾ ਹਿੱਸਾ ਪਾਉਦੇ ਹਨ।

ਪਰ ਸਮੇਂ ਸਮੇਂ ਬਹੁਤ ਸਾਰੇ ਦਾਰਸ਼ਨਿਕਾਂ ਨੇ ਇਹਨਾਂ ਫਜ਼ੂਲ ਧਾਰਮਿਕ ਸੰਸਕਾਰਾਂ ਦਾ ਵਿਰੋਧ ਵੀ ਕੀਤਾ ਜਿਹਨਾਂ ਵਿਚ ਚੀਨ ਵਿਚ 551 ਪੂ: ਈ: ਵਿਚ ਜਨਮਿਆ ਮਹਾਨ ਦਾਰਸ਼ਨਿਕ ਕਨਫਿਊਸ਼ਿਅਸ ਇਕ ਸੀ, ਜਿਸ ਨੇ ਧਰਮ ਸੰਸਕਾਰਾਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਮਹਾਤਮਾ ਬੁੱਧ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਫਜ਼ੂਲ ਗਰਦਾਨਿਆਂ ਤੇ ਇਹਨਾ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਪਰ ਲਗਦਾ ਹੈ ਕਿ ਜਦੋਂ ਤੱਕ ਸੰਸਾਰ ਰਹੇਗਾ ਉਦੋਂ ਤੱਕ ਇਹ ਸੰਸਕਾਰ ਚਲਦੇ ਰਹਿਣਗੇ।

# ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
## –ਇੰਟਰਨਲ ਅਸੈਸਮੈਂਟ ਲਈ ਰਿਸਪਾਂਸਸ਼ੀਟ–

**ਰੋਲ ਨੰ**..............................

**ਬੀ.ਏ. ਭਾਗ-ਪਹਿਲਾ(ਸਮੈਸਟਰ ਪਹਿਲਾ)** **ਧਰਮ ਅਧਿਐਨ : ਪਰਚਾ ੳ**

**ਅਕਾਦਮਿਕ ਸੈਸ਼ਨ : *2017-2018*** ਪਾਠ ਨੰ : *1-12*

ਪਾਠ ਪ੍ਰਾਪਤ ਕਰਨ ਦੀ ਮਿਤੀ............

ਵਿਦਿਆਰਥੀ ਦੁਆਰਾ ਉੱਤਰ-ਪੱਤਰ ਭੇਜਣ ਦੀ ਮਿਤੀ .....................................

ਨੱਥੀ ਕੀਤੇ ਪੰਨਿਆਂ ਦੀ ਗਿਣਤੀ......................

ਵਿਭਾਗ ਵਿਚ ਪਹੁੰਚਣ ਦੀ ਮਿਤੀ.................

ਮੋਬਾਈਲ ਨੰ............................................

ਪ੍ਰਾਪਤ ਕੀਤੇ ਨੰਬਰ .........................%

ਅਧਿਆਪਕ ਦੇ ਹਸਤਾਖਰ ਅਤੇ ਮਿਤੀ..........

ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਲਿਖੋ :

______________________________

______________________________

______________________________

---

**ਸਮਾਂ : *1* ਘੰਟਾ** **ਕੁਲ ਅੰਕ : *25***

ਨੋਟ : **ਭਾਗ 'ੳ' ਵਿੱਚੋਂ ਕੋਈ ਇਕ ਪ੍ਰਸ਼ਨ ਕਰੋ।ਭਾਗ 'ਅ' ਵਿਚੌਂ ਕੋਈ ਪੰਜ ਪ੍ਰਸ਼ਨ ਕਰੋ।ਇਹਨਾਂ ਦੇ ਆਧਾਰ ਤੇ ਹੀ ਇੰਟਰਨਲ ਐਸਸਮੇਂਟ ਲੱਗੇਗੀ।**

### ਭਾਗ 'ੳ'
(ਰਿਸਪਾਂਸ ਸ਼ੀਟ ਨੰ :-1)

1. 'ਵੇਦ' ਤੋਂ ਕੀ ਭਾਵ ਹੈ? ਚਾਰ ਵੇਦਾਂ ਨਾਲ ਜਾਣ-ਪਹਿਚਾਣ ਕਰਵਾਓ।

2. ਮਹਾਤਮਾ ਬੁੱਧ ਦੇ ਜੀਵਨ ਅਤੇ ਸਿੱਖਿਆਵਾ ਬਾਰੇ ਵਿਸਤਾਰ ਪੂਰਵਕ ਲਿਖੋ।

3. ਜੈਨ ਧਰਮ ਦੇ ਬਾਨੀ ਦੇ ਜੀਵਨ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

4. ਚਾਰ ਆਰਯ ਸੱਚ ਬਾਰੇ ਤੁਸੀ ਕੀ ਜਾਣਦੇ ਹੋ?ਵਿਸਤਾਰ ਵਿੱਚ ਲਿਖੋ।

5. 'ਜਨਮ' ਸੰਸਕਾਰ ਤੋਂ ਕੀ ਭਾਵ ਹੈ?ਹਿੰਦੂ ਧਰਮ ਵਿੱਚ ਮਿਲਦੇ ਜਨਮ ਸੰਬੰਧੀ ਸੰਸਕਾਰਾਂ ਉਪਰ ਚਰਚਾ ਕਰੋ। 1X 10= 10

**ਭਾਗ 'ਅ'**

**(ਰਿਸਪਾਂਸ ਸ਼ੀਟ ਨੰ :-2)**

**ਸੰਖੇਪ ਉਤਰਾਂ ਵਾਲੇ ਪ੍ਰਸ਼ਨ :-**

| | | | | | |
|---|---|---|---|---|---|
| (1) | ਰਿਗਵੇਦ | (4) | ਅਗਨੀ ਦੇਵਤਾ | (7) | ਸੱਚ-ਮਹਾਂਵ੍ਰਤ |
| (2) | ਯੱਗ | (5) | ਇੰਦਰ ਦੇਵਤਾ | (8) | ਅਹਿੰਸਾ-ਮਹਾਂਵ੍ਰਤ |
| (3) | ਬਲੀ | (6) | ਤਿੰਨ ਰਤਨ(ਤ੍ਰਿ-ਰਤਨ) | (9) | ਅਸ਼ਟਾਗ ਮਾਰਗ |
| (10) | ਮ੍ਰਿਤਕ ਸੰਸਕਾਰ | | | | |

5X 3= 15

ਨੋਟ :

ਰਿਸਪਾਂਸ ਸ਼ੀਟ ਵਿਭਾਗ ਵਿੱਚ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ ।ਇਹ ਜਾਂ ਤਾਂ ਹੱਥੀ (by hand) ਵਿਭਾਗ ਵਿੱਚ ਜਮ੍ਹਾਂ ਕਰਵਾਈ ਜਾ ਸਕਦੀ ਹੈ ਜਾਂ ਸਪੀਡ ਪੋਸਟ ਰਾਹੀਂ ।ਜਮ੍ਹਾਂ ਕਰਵਾਉਣ ਦੀ ਰਸੀਦ(ਵਿਭਾਗ ਤੋਂ) ਜਾਂ ਪੋਸਟ ਕਰਵਾਉਣ ਦੀ ਰਸੀਦ ਵਿਦਿਆਰਥੀ ਸਬੂਤ ਵਜੋਂ ਆਪਣੇ ਕੋਲ ਰੱਖੇ ।

---

*ਉੱਤਰ-ਪੱਤਰ ਪੂਰਾ ਹੋ ਜਾਣ ਉਪਰੰਤ ਇਸ ਪਤੇ ਤੇ ਭੇਜਿਆ ਜਾਵੇ : ਡਿਪਟੀ ਰਜਿਸਟਰਾਰ, ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147002*

ਪਾਠ ਨੰ: 2.3 (B)

# ਜਨਮ ਤੇ ਧਰਮ ਪ੍ਰਵੇਸ਼ ਸੰਸਕਾਰ

## ਜਨਮ ਸੰਸਕਾਰ

ਧਰਮ ਵਿਚ ਹਰ ਪੱਖ ਦੇ ਸੰਸਕਾਰ ਮਿਲਦੇ ਹਨ ਪਰ ਜਨਮ ਸੰਬੰਧੀ ਸੰਸਕਾਰਾਂ ਦੀ ਵਿਸ਼ੇਸ਼ ਮਹੱਤਤਾ ਹੈ ਤੇ ਇਹ ਆਦਿ ਕਾਲ ਤੋਂ ਹੀ ਬੜੇ ਉਤਸ਼ਾਹ ਨਾਲ ਕੀਤੇ ਜਾਂਦੇ ਹਨ ਕਿਉਂਕਿ ਸੰਸਾਰ ਨੂੰ ਅੱਗੇ ਚਲਾਉਣ ਲਈ ਬੱਚੇ ਦਾ ਜਨਮ ਇਕ ਅਹਿਮ ਕੜੀ ਹੈ । ਇਸ ਕੜੀ ਨਾਲ ਹੀ ਸੰਸਾਰ ਤੇ ਪਰਿਵਾਰ ਅੱਗੇ ਚਲਦਾ ਹੈ । ਇਸ ਸਬੰਧੀ ਗੁਰਵਾਕ ਹੈ 'ਪੁਤੀ ਗੰਢ ਪਵੈ ਸੰਸਾਰ' ਇਸ ਕਰਕੇ ਜਨਮ ਸਬੰਧੀ ਤੇ ਸੰਸਕਾਰਾਂ ਨੂੰ ਬੜੇ ਉਤਸ਼ਾਹ ਤੇ ਪਿਆਰ ਨਾਲ ਮਨਾਇਆ ਜਾਂਦਾ ਹੈ । ਜਨਮ ਸੰਸਕਾਰ ਬੱਚੇ ਦੇ ਜਨਮ ਤੋਂ ਨਹੀਂ ਸਗੋਂ ਉਦੋਂ ਹੀ ਸ਼ੁਰੂ ਹੋ ਜਾਂਦੇ ਹਨ ਜਦੋਂ ਬੱਚਾ ਅਜੇ ਮਾਤਾ ਦੇ ਗਰਭ ਵਿਚ ਹੀ ਪਲ ਰਿਹਾ ਹੁੰਦਾ ਹੈ । ਗਰਭ ਵਿਚ ਪਲ ਰਹੇ ਬੱਚੇ ਨੂੰ ਬਦਰੂਹਾਂ ਤੋਂ ਬਚਾਉਣ ਲਹੀ ਗਰਭ ਦੇ ਤੀਜੇ, ਪੰਜਵੇਂ ਜਾਂ ਸਤਵੇਂ ਮਹੀਨੇ ਵਿਚ ਇਸਤਰੀ ਦੇ ਪੱਲੇ ਨਾਲ ਅਨਾਜ ਬੰਨ੍ਹਿਆ ਜਾਂਦਾ ਸੀ ਜਾਂ ਪੱਲੇ ਵਿੱਚ ਪਾਇਆ ਜਾਂਦਾ ਸੀ । ਜੇ ਕੁੜੀ ਸਹੁਰੇ ਹੋਵੇ ਤਾਂ ਇਹ ਅਨਾਜ ਮਾਪੇ ਭੇਜਦੇ ਸਨ । ਉਹ ਇਸ ਨੂੰ ਪੱਲੇ ਵਿਚ ਪਾਉਂਦੀ ਤੇ ਰਿੰਨ੍ਹ ਕੇ ਖਾਂਦੀ, ਤੇ ਭਾਈਚਾਰੇ ਵਿੱਚ ਵੰਡਦੀ । ਕਈ ਥਾਈ ਇਹ ਰਸਮ ਨਿਭਾਈ ਜਾਂਦੀ ਹੈ ਕਿ ਭੇਜੇ ਗਏ ਕੱਪੜੇ ਪਤੀ ਪਤਨੀ ਦੋਵੇਂ ਪਹਿਨ ਕੇ ਬਜ਼ੁਰਗਾਂ (ਪਿਤਰਾਂ) ਦੀ ਪੂਜਾ ਕਰਦੇ ਸਨ ਤਾਂ ਕਿ ਪਿਤਰ ਆਉਣ ਵਾਲੀ ਸੰਤਾਨ ਪ੍ਰਤੀ ਹਮਦਰਦੀ ਰੱਖਣ । ਗਰਭ ਦੇ ਤੀਜੇ ਮਹੀਨੇ, ਪੰਜਵੇਂ ਤੇ ਸਤਵੇਂ ਮਹੀਨੇ ਦੀਆਂ ਹੋਰ ਵੀ ਕਈ ਤਰ੍ਹਾਂ ਦੀਆਂ ਰਸਮਾਂ ਹਨ ਜਿਵੇਂ ਮਿੱਠਾ ਬੇਹੀਆ ਜੋ ਗਰਭਵਤੀ ਮਾਂ ਨੂੰ ਪੇਕੇ ਪਰਿਵਾਰ ਵਲੋਂ ਭੇਜਿਆ ਜਾਂਦਾ ਸੀ । ਜਿਸ ਨੂੰ ਸਾਰਾ ਪਰਿਵਾਰ ਇਕੱਠਾ ਬੈਠ ਕੇ ਛਕਦਾ ਸੀ । ਪੰਜਵੇ ਮਹੀਨੇ ਰੀਤਾਂ ਨੂੰ ਕੱਚੀਆਂ ਕਰਨ ਦੀ ਰਸਮ ਤੇ ਸਤਵੇਂ ਮਹੀਨੇ ਰੀਤਾਂ ਨੂੰ ਪੱਕੀਆਂ ਕਰਨ ਦੀ ਰਸਮ ਸੀ । ਇਸ ਸਮੇਂ ਘਰ ਵਿਚ ਵਿਆਹ ਵਰਗਾ ਕਾਰਜ ਰਚਾਇਆ ਜਾਂਦਾ ਸੀ ।

ਗਰਭਵਤੀ ਮਾਂ ਸਬੰਧੀ ਵੀ ਅਨੇਕਾਂ ਤਰ੍ਹਾਂ ਦੀਆਂ ਰਸਮਾਂ ਸਨ । ਉਸ ਦਾ ਬਹੁਤ ਤੁਰਨਾ ਫਿਰਨਾ ਮਨਾ ਕਰ ਦਿੱਤਾ ਜਾਂਦਾ ਸੀ । ਕਈ ਵਾਰ ਤਾਂ ਪੈਰਾਂ ਵਿਚ ਇਕ ਅੱਟੀ ਵੀ ਪਾ ਦਿੰਦੇ ਸਨ ਤਾਂ ਕਿ ਜੱਚਾ ਬਹੁਤੀ ਲੇਟੀ ਹੀ ਰਹੇ ਅਤੇ ਆਰਾਮ ਕਰ ਸਕੇ ਕਿਉਂਕਿ ਬਹੁਤ ਤੁਰਨ ਫਿਰਨ ਨਾਲ ਕਈ ਵਾਰ ਬੱਚਾ ਅਤੇ ਜੱਚਾ ਦੋਹਾਂ ਲਈ ਖਤਰਾ ਬਣ ਸਕਦਾ ਸੀ । ਖਾਸ ਕਰਕੇ ਗ੍ਰਹਿਣ ਦੇ ਦਿਨ ਵਿੱਚ ਤਾਂ ਜੱਚਾ ਨੂੰ ਬਹੁਤ ਧਿਆਨ ਦੀ ਲੋੜ ਸੀ ਨਹੀਂ ਤਾਂ ਗ੍ਰਹਿਣ ਦਾ ਬੱਚੇ ਤੇ ਮਾੜਾ ਅਸਰ ਪੈ ਸਕਦਾ ਸੀ । ਗਰਭਵਤੀ ਔਰਤ ਲਈ ਮੁਰਦੇ ਨੂੰ ਛੂਹਣ, ਸ਼ਿਲੇ ਵਾਲੀ ਜ਼ਨਾਨੀ ਕੋਲ ਜਾਣ, ਚੜਾਈ ਚੜਨ ਜਾਂ ਉਤਰਨ, ਰੁਖਾਂ ਹੇਠਾਂ ਜਾਣ ਆਦਿ ਦੀ ਖਾਸ ਪਾਬੰਦੀ ਹੁੰਦੀ ਸੀ । ਜੇ ਅਜਿਹੀ ਪਾਬੰਦੀ ਨਾ ਨਿਭਾਈ ਜਾਂਦੀ ਤਾਂ ਜੱਚਾ ਅਤੇ ਬੱਚਾ ਦੋਵਾਂ ਦੀ ਜਾਨ ਖਤਰੇ ਵਿਚ ਪੈ ਸਕਦੀ ਸੀ ਕਿਓਂਕਿ ਉਹਨਾਂ ਉੱਤੇ ਬਦਰੂਹਾਂ ਹਮਲਾ ਕਰ ਸਕਦੀਆਂ ਸਨ । ਇਹ ਵਿਸ਼ਵਾਸ ਸੀ ਕਿ ਬਦਰੂਹਾਂ ਅਜਿਹੀਆਂ ਥਾਵਾਂ ਤੇ ਹੀ ਵਾਸਾ ਕਰਦੀਆਂ ਹਨ ਜੋ ਜੱਚਾ ਅਤੇ ਬੱਚਾ ਲਈ ਮੌਤ ਦਾ ਕਾਰਣ ਬਣ ਸਕਦੀਆਂ ਹਨ । ਆਮ ਤੌਰ ਤੇ ਪਹਿਲੇ ਬੱਚੇ ਦੇ ਜਨਮ ਤੇ ਕੁੜੀ ਨੂੰ ਪੇਕੇ ਭੇਜ ਦਿੱਤਾ ਜਾਂਦਾ ਸੀ । ਪੇਕੇ ਭੇਜਣ ਦਾ ਕਾਰਣ ਇਹ ਸੀ ਕਿ ਲੜਕੀ ਦੀਆਂ ਸਰੀਰਕ ਲੋੜਾਂ ਦੇ ਸਹੁਰੇ ਪਰਿਵਾਰ ਨਾਲੋਂ ਪੇਕਾ ਪਰਿਵਾਰ ਵਧੇਰੇ ਜਾਣੂ ਹੁੰਦਾ ਹੈ । ਤੁਰਨ ਵੇਲੇ ਉਸ ਦੀ ਸੱਸ ਉਸ ਨੂੰ ਇਕ ਖੰਮਣੀ, ਲੱਡੂਆਂ ਦਾ ਜੋੜਾ, ਖੋਪੇ ਦਾ ਗੁਟ ਦਿੰਦੀ । ਇਸ ਨੂੰ ਦੇਖਦਿਆਂ ਹੀ ਲੜਕੀ ਦੀ ਮਾਂ ਨੂੰ ਇਸ ਦੀ ਜਾਣਕਾਰੀ ਹੋ ਜਾਂਦੀ । ਭਗਵਾਨ ਗੌਤਮ ਬੁਧ ਦਾ ਜਨਮ ਵੀ ਉਸ ਸਮੇਂ ਜੰਗਲ ਵਿਚ ਹੋਇਆ ਜਦੋਂ ਉਸ ਦੀ ਮਾਤਾ ਪਹਿਲੇ ਬੱਚੇ ਦੇ ਜਨਮ ਦੇ ਸਬੰਧ ਵਿਚ ਪੇਕੇ ਘਰ ਨੂੰ ਜਾ ਰਹੀ ਸੀ । ਜਣੇਪੇ ਵਾਲੇ ਕਮਰੇ ਵਿਚ ਕਿਸੇ ਪਰਛਾਵੇਂ ਵਾਲੀ ਇਸਤਰੀ ਜਾਂ ਬਿੱਲੀ ਕੁੱਤੇ ਨੂੰ ਨਹੀਂ ਆਉਣ ਦਿੰਦੇ । ਬਿੱਲੀ ਦਾ ਤਾਂ ਨਾ ਵੀ ਸ਼ਿਲੇ ਵਾਲੀ ਜ਼ਨਾਨੀ ਲਈ ਸੁਣਨ ਦੀ ਮਨਾਹੀ ਸੀ । ਅਜਿਹੀਆਂ ਚੀਜ਼ਾਂ ਤੋਂ ਬਚਣ ਲਈ ਘਰ ਦੀ ਛੱਤ ਤੇ ਅੱਕ, ਢੱਕ, ਕਰੀਰ ਜਾਂ ਕਾਲੀ ਹਾਡੀ ਮੂਧੀ ਮਾਰ ਦਿੰਦੇ ਸਨ ਤਾਂ ਕਿ ਕੋਈ ਪਰਛਾਵੇਂ ਵਾਲੀ ਵਸਤੂ ਦਾ ਅਸਰ ਮਾਤਾ ਤੇ ਨਾ ਹੋਵੇ । ਦਾਈ

ਦਰਵਾਜ਼ੇ ਤੇ ਅੰਬ ਜਾਂ ਸ਼ਰੀਹ ਦੇ ਪੱਤੇ ਬੰਨਦੀ, ਕੜਾ ਜਾਂ ਲੋਹਾ ਜੱਚਾ ਕੋਲ ਰਖਿਆ ਜਾਂਦਾ, ਕੁਝ ਅਨਾਜ ਤੇ ਧੁਖਦੀ ਪਾਥੀ ਦੀ ਅੱਗ ਕਮਰੇ ਵਿਚ ਰੱਖੀ ਜਾਂਦੀ । ਅਜਿਹਾ ਬਦਰੂਹਾਂ ਨੂੰ ਦੂਰ ਭਜਾਣ ਤੇ ਉਹਨਾਂ ਦੇ ਪ੍ਰਕੋਪ ਤੋਂ ਬਚਣ ਲਈ ਕੀਤਾ ਜਾਂਦਾ ਸੀ । ਉਹਨਾਂ ਦਾ ਵਿਸ਼ਵਾਸ ਸੀ ਕਿ ਅਜਿਹਾ ਕਰਨ ਨਾਲ ਜੱਚਾ ਅਤੇ ਬੱਚਾ ਉਤੇ ਕਿਸੇ ਭੈੜੀ ਰੂਹ ਦਾ ਅਸਰ ਨਹੀਂ ਹੁੰਦਾ । ਜੇ ਬੱਚਾ ਹੋਣ ਵਿਚ ਦੇਰੀ ਹੋ ਰਹੀ ਹੋਵੇ ਤਾਂ ਇਸ ਪਿਛੇ ਕੋਈ ਰੋਕ ਕੰਮ ਕਰਦੀ ਮੰਨੀ ਜਾਂਦੀ । ਜੱਚਾ ਉਤੋਂ ਦੀ ਅਨਾਜ ਅਤੇ ਪੈਸੇ ਵਾਰ ਕੇ ਦਾਨ ਕੀਤੇ ਜਾਂਦੇ । ਜਣੇਪੇ ਪਿਛੋਂ ਵੀ ਰੂਹਾਂ ਦਾ ਹਮਲਾ ਜੱਚਾ ਅਤੇ ਬੱਚਾ ਨੂੰ ਨੁਕਸਾਨ ਪੁਚਾ ਸਕਦਾ ਸੀ । ਇਸ ਤੋਂ ਬਚਾਅ ਲਈ ਇੱਕ ਦੀਵਾ ਬਾਲ ਕੇ ਜਣੇਪੇ ਵਾਲੇ ਕਮਰੇ ਵਿੱਚ ਰੱਖਿਆ ਜਾਂਦਾ । ਇਹ ਦੀਵਾ ਦਸ ਦਿਨ ਬਲਦਾ ਰੱਖਿਆ ਜਾਂਦਾ ਤੇ ਧੂਪ ਧੁਖਾਈ ਜਾਂਦੀ ਹੈ ।

ਮੁਸਲਮਾਨ ਪਰਿਵਾਰ ਵਿਚ ਜਨਮ ਵਾਲੀਂ ਰਾਤ ਸਾਰਾ ਪਰਿਵਾਰ ਜਾਗਦਾ ਰਹਿੰਦਾ ਹੈ । ਕਈ ਕਬੀਲਿਆ ਵਿੱਚ ਇਕ ਕਲਮ ਤੇ ਦਵਾਤ ਜੱਚਾ ਦੇ ਕਮਰੇ ਵਿਚ ਰੱਖੀ ਜਾਂਦੀ ਹੈ । ਉਹਨਾਂ ਦਾ ਵਿਸ਼ਵਾਸ ਸੀ ਕਿ ਵਿਧਮਾਤਾ ਜਦੋਂ ਬੱਚੇ ਨੂੰ ਨਵੇਂ ਸੰਸਾਰ ਵਿੱਚ ਭੇਜਦੀ ਹੈ ਤਾਂ ਉਸ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬੱਚੇ ਦੀ ਚੰਗੀ ਕਿਸਮਤ ਲਿਖੇ ।

ਪਾਰਸੀ ਧਰਮ ਵਿੱਚ ਬੱਚੇ ਦੇ ਜਨਮ ਬਹੁਤ ਸ਼ੁੱਧ ਘਟਨਾ ਮੰਨਿਆ ਜਾਂਦਾ ਹੈ । ਅਖ਼ੀਰਲੀਆਂ ਪਾਰਸੀ ਪੁਸਤਕਾਂ ਵਿੱਚ ਹਦਾਇਤਾ ਦਰਜ ਹਨ ਕਿ ਜਿਵੇਂ ਹੀ ਕੋਈ ਇਸਤਰੀ ਗਰਭਵਤੀ ਹੋ ਜਾਵੇ ਉਸ ਘਰ ਵਿਚ ਅਗਨੀ ਬਹੁਤ ਧਿਆਨ ਨਾਲ ਬਲਦੀ ਰੱਖੀ ਜਾਣੀ ਚਾਹੀਦੀ ਹੈ । ਵਰਤਮਾਨ ਯੁਗ ਵਿਚ ਵੀ ਪਾਰਸੀ ਗਰਭ ਦੇ ਪੰਜਵੇਂ ਜਾਂ ਸੱਤਵੇਂ ਮਹੀਨੇ ਤੋਂ ਘਰ ਵਿੱਚ ਦੇਸੀ ਘਿਉ ਦਾ ਦੀਵਾ ਬਾਲ ਕੇ ਰਖਦੇ ਹਨ । ਇੰਝ ਕਰਨ ਨਾਲ ਖਿਆਲ ਕੀਤਾ ਜਾਂਦਾ ਹੈ ਕਿ ਬਦਰੂਹਾਂ ਘਰ ਤੋਂ ਦੂਰ ਰਹਿੰਦੀਆਂ ਹਨ । ਕੁਝ ਪਰਿਵਾਰ ਗਰਭ ਦੇ ਦੌਰਾਨ ਪ੍ਰਾਥਨਾਵਾਂ ਅਤੇ ਯਾਸਨਾ ਦਾ ਪਾਠ ਕਰਾਉਂਦੇ ਹਨ । ਹਰ ਪਰਿਵਾਰ ਗਰਭ ਦੇ ਪੰਜਵੇਂ ਜਾਂ ਸੱਤਵੇਂ ਮਹੀਨੇ ਦੀ ਸਮਾਪਤੀ ਤੇ ਕੁਝ ਰਸਮਾਂ ਜ਼ਰੂਰ ਕਰਦੇ ਹਨ । ਬੱਚੇ ਦਾ ਜਨਮ ਹੋਣ ਤੇ ਇਕ ਦੀਵਾ ਜਗਾਇਆ ਜਾਂਦਾ ਹੈ ਤੇ ਇਹ ਤਿੰਨ ਦਿਨ ਬਲਦਾ ਰੱਖਿਆ ਜਾਂਦਾ ਹੈ । ਪਾਰਸੀ ਗਰੰਥਾਂ ਵਿਚ ਇਹ ਗੱਲ ਦਰਜ ਹੈ ਕਿ ਦੀਵਾ ਇਸ ਪ੍ਰਕਾਰ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਦੇ ਅਤੇ ਨਵੇਂ ਜਨਮੇ ਬਾਲ ਦੇ ਵਿਚਕਾਰ ਕੋਈ ਨਾ ਗੁਜ਼ਰੇ । ਜਣੇਪੇ ਮਗਰੋਂ 40 ਦਿਨ ਤੱਕ ਮਾਂ ਨੂੰ ਇਕਾਂਤ ਵਿੱਚ ਰੱਖਿਆ ਜਾਂਦਾ ਹੈ । ਇਸ ਸਮੇਂ ਦੌਰਾਨ ਉਸ ਨੂੰ ਲੱਕੜ ਦੇ ਫਰਨੀਚਰ ਅਤੇ ਸੂਤੀ ਕੱਪੜੇ ਦੇ ਨਾਲ ਛੂਹਣ ਤੋਂ ਬਚਣ ਲਈ ਕਿਹਾ ਜਾਂਦਾ ਹੈ ।

ਪੁਰਾਤਨ ਕਬੀਲੇ ਗਰਭ ਧਾਰਨ ਕਰਨ ਨੂੰ ਅਨੋਖਾ ਚਮਤਕਾਰ ਮੰਨਦੇ ਸਨ । ਉਹਨਾਂ ਦਾ ਵਿਸ਼ਵਾਸ ਸੀ ਕਿ ਆਤਮਾਵਾ ਅਸਮਾਨ ਵਿਚ ਘੁੰਮਦੀਆਂ ਫਿਰਦੀਆਂ ਰਹਿੰਦੀਆਂ ਹਨ ਤੇ ਕਿਸੇ ਸ਼ੁਭ ਅਵਸਰ ਤੇ ਘਰ ਵਿਚ ਪਹਿਲਾਂ ਹੋ ਚੁੱਕੇ ਕਿਸੇ ਬਜ਼ੁਰਗ ਦੀ ਰੂਹ ਚੁਪਕੇ ਜਿਹੇ ਔਰਤ ਦੇ ਸਰੀਰ ਵਿਚ ਪਰਵੇਸ਼ ਕਰ ਜਾਂਦੀ ਹੈ ਅਤੇ ਉਹ ਬੱਚੇ ਦੇ ਰੂਪ ਵਿਚ ਵੱਡਾ ਹੁੰਦਾ ਹੈ । ਪਰ ਹੁੰਦਾ ਉਹ ਕੋਈ ਘਰ ਵਿਚ ਪੁਰਾਣਾ ਮਰ ਚੁੱਕਾ ਬਜ਼ੁਰਗ ਹੀ ਹੈ ਜੋ ਦੁਬਾਰਾ ਉਸੀ ਘਰ ਵਿਚ ਫਿਰ ਪ੍ਰਵੇਸ਼ ਕਰਦਾ ਹੈ । ਮੈਲੇਨੇਸ਼ੀਅਨ ਕਬੀਲੇ ਵਾਲੇ ਵੀ ਇਸ ਵਿਚਾਰ ਨਾਲ ਸਹਿਮਤ ਹਨ ਕਿ ਗਰਭ ਧਾਰਨ ਕਿਰਿਆ ਵਿਚ ਮਨੁੱਖ ਦਾ ਕੋਈ ਰੋਲ ਨਹੀਂ, ਇਹ ਕੇਵਲ ਰੂਹਾਂ ਕਰਕੇ ਹੈ, ਇਸੇ ਕਰਕੇ ਇਹਨਾਂ ਕਬੀਲਿਆਂ ਵਿੱਚ ਮਾਂ ਪ੍ਰਧਾਨ ਸਮਾਜ ਹੈ । ਈਸਾਈ ਧਰਮ ਦੇ ਪੈਗੰਬਰ ਯਿਸੂ ਮਸੀਹ ਸਬੰਧੀ ਵੀ ਅਜਿਹੇ ਹੀ ਵਿਚਾਰ ਹਨ ਕਿ ਜਦੋ ਕੁਆਰੀ ਮਰੀਅਮ (ਯਿਸੂ ਦੀ ਮਾਂ) ਜਿਸ ਦੀ ਯੂਸਫ਼ ਨਾਲ ਮੰਗਣੀ ਹੋਈ ਸੀ ਇਕ ਪਵਿੱਤਰ ਰੂਹ ਨੇ ਮਰੀਅਮ ਦੇ ਸਰੀਰ ਵਿਚ ਪ੍ਰਵੇਸ਼ ਕੀਤਾ ਤੇ ਜਦੋਂ ਯੂਸਫ ਨੂੰ ਪਤਾ ਲੱਗਣ ਤੇ ਉਸ ਨੇ ਮਰੀਅਮ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਪਵਿੱਤਰ ਰੂਹ ਨੇ ਯੂਸਫ਼ ਨੂੰ ਸੁਪਨੇ ਵਿਚ ਦੱਸਿਆ ਕਿ ਜੋ ਮਰੀਅਮ ਦੀ ਕੁੱਖ ਵਿਚ ਹੈ ਉਹ ਪਵਿੱਤਰ ਆਤਮਾ ਹੈ ਇਸ ਲਈ ਉਹ ਉਸ ਤੇ ਸ਼ੱਕ ਨਾ ਕਰਨ ਤੇ ਬੱਚੇ ਦਾ ਨਾਂ ਯਿਸੂ ਰੱਖਣ । ਇਸ ਪਿੱਛੋਂ ਯੂਸਫ਼ ਨੇ ਮਰੀਅਮ ਨੂੰ ਅਪਣਾ ਲਿਆ । ਅਜਿਹਾ ਈਸਾਈਆਂ ਦਾ ਵਿਸ਼ਵਾਸ ਹੈ ।

ਬੱਚੇ ਦਾ ਜਨਮ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ । ਕਈ ਕਬੀਲਿਆਂ ਵਿਚ ਜੱਚਾ ਤੇ ਸਖ਼ਤ ਪਾਬੰਦੀਆਂ ਹੁੰਦੀਆਂ ਤਾਂ ਕਿ ਜੱਚਾ ਉਤੇ ਕੋਈ ਬਾਹਰੀ ਸ਼ੈਅ ਅਸਰ ਨਾ ਕਰੇ । ਪਰਿਵਾਰਾਂ ਵਿੱਚ ਖਾਣ ਪੀਣ ਦੀ ਖਾਸ ਪਾਬੰਦੀ ਹੁੰਦੀ ਹੈ । ਕੋਈ ਅਜਿਹੀ ਚੀਜ਼ ਨਾ ਖਾਧੀ ਜਾਵੇ ਜਿਸ ਨਾਲ ਪਵਿੱਤਰ ਆਤਮਾਵਾ ਨਾਰਾਜ਼ ਹੋ ਜਾਣ । ਪਰਿਵਾਰ ਦਾ ਕੋਈ ਮੈਂਬਰ ਸ਼ਿਕਾਰ ਨਹੀਂ ਸੀ ਕਰਦਾ ਤੇ ਨਾ ਹੀ ਕਿਸੇ ਜੀਵ ਨੂੰ ਦੁੱਖ ਜਾਂ ਨੁਕਸਾਨ ਪਹੁੰਚਾਉਦਾ । ਬਦਰੂਹਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਜਾਦੂ ਮੰਤਰ ਅਤੇ ਟੂਣੇ ਟਾਮਣ ਕੀਤੇ ਜਾਂਦੇ ਜਿਹਨਾ ਦੀ ਪ੍ਰਧਾਨਗੀ ਸਾਡੇ ਪੁਜਾਰੀ, ਪੰਡਤ, ਮੁੱਲਾਂ ਆਦਿ ਕਰਦੇ ।

ਗਰਭਵਤੀ ਔਰਤ ਨੂੰ ਭੈੜੀਆਂ ਰੂਹਾਂ ਤੋਂ ਬਚਾਉਣ ਤੇ ਉਹਨਾਂ ਦਾ ਮਨ ਤਕੜਾ ਕਰਨ ਲਈ 'ਸੀਮੰਤੋਯਨ' ਨਾਂ ਦਾ ਸੰਸਕਾਰ ਕੀਤਾ ਜਾਂਦਾ ਸੀ । ਇਸ ਸੰਸਕਾਰ ਵਿਚ ਪਤੀ ਬੜੇ ਲਾਡ ਪਿਆਰ ਨਾਲ ਪਤਨੀ ਦੇ ਵਾਲਾਂ ਵਿੱਚ ਚੀਰ ਕਢਦਾ । ਇਸ ਸੰਸਕਾਰ ਦਾ ਧਾਰਮਿਕ ਭਾਵ ਇਹ ਸੀ ਕਿ ਬੱਚੇ ਦੇ ਲੰਮੇ ਜੀਵਨ ਤੇ ਮਾਂ ਵਾਸਤੇ ਸੁੱਖ, ਅਰੋਗਤਾ ਤੇ ਖੁਸ਼ਹਾਲੀ ਦੀ ਪਰਮਾਤਮਾ ਤੋਂ ਮੰਗ ਕੀਤੀ ਜਾਂਦੀ । (ਕਲਚਰ ਹੈਰੀਟੇਜ ਆਫ਼ ਇੰਡੀਆ ਜਿਲਦ-2, ਪੰਨਾ 397)

ਘਰ ਵਿੱਚ ਬੱਚੇ ਦੇ ਜਨਮ ਲੈਣ ਤੋਂ ਇਕ ਦੋ ਦਿਨ ਪਹਿਲਾਂ ਹੀ ਮਾਂ ਸੂਤਕ ਗ੍ਰਹਿ ਵਿਚ ਚਲੀ ਜਾਂਦੀ ਤੇ ਆਰਾਮ ਕਰਦੀ । ਫੇਰ ਬੱਚੇ ਦੇ ਜਨਮ ਤੋਂ ਕੁਝ ਹੀ ਸਮਾ ਪਹਿਲਾਂ 'ਸੁਸ਼ਯੰਤੀ' ਕਰਨ ਦੀ ਰੀਤ ਹੁੰਦੀ । ਇਸ ਰੀਤ ਵਿਚ ਅਥਰਵ ਵੇਦ ਦੀਆਂ ਕੁਝ ਰਿਚਾਂ ਪੜ੍ਹੀਆਂ ਜਾਦੀਆਂ ਸਨ । ਅਜਿਹਾ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਬੱਚੇ ਦਾ ਜਨਮ ਸੌਖੇ ਹੋ ਜਾਂਦਾ ਹੈ । ਬੱਚੇ ਦੇ ਜਨਮ ਉਪਰੰਤ ਜਾਤੀ ਕਰਨ ਦੀ ਰੀਤੀ ਸੀ । ਇਸ ਉਪਰੰਤ ਨਵਜੰਮੇ ਬੱਚੇ ਦਾ ਨਾੜੂਆ ਸੰਘਾਰਨ ਦੀ ਵੀ ਇਕ ਰੀਤ ਹੈ । ਕੱਟੇ ਹੋਏ ਨਾੜੂ ਨੂੰ ਮੁੰਡਾ ਹੋਵੇ ਤਾਂ ਜਨੇਊ ਨਾਲ ਜੇ ਕੁੜੀ ਹੋਵੇ ਤਾਂ ਚਰਖੇ ਦੀ ਮਾਲ੍ਹ ਨਾਲ ਬੰਨ੍ਹ ਦਿੰਦੇ ਸਨ ਤੇ ਨਾੜੂ ਸੁਕਣ ਉਪਰੰਤ ਧਾਗਾ ਪਿੱਪਲ ਜਾਂ ਬੇਰੀ ਉੱਪਰ ਸੁੱਟ ਦਿੱਤਾ ਜਾਂਦਾ ਸੀ ।

ਬੱਚੇ ਨੂੰ ਗੁੜ੍ਹਤੀ ਦੇਣਾ ਵੀ ਇਕ ਅਹਿਮ ਸੰਸਕਾਰ ਹੈ । ਇਹ ਮੰਨਿਆ ਜਾਂਦਾ ਹੈ ਕਿ ਗੁੜ੍ਹਤੀ ਦਾ ਬੱਚੇ ਦੇ ਸੁਭਾਉ ਤੇ ਚੋਖਾ ਅਸਰ ਪੈਦਾ ਹੈ । ਕਈ ਵਾਰ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਧਾਰ ਲਿਆ ਜਾਂਦਾ ਹੈ ਕਿ ਇਸ ਨੂੰ ਫਲਾਣੇ ਤੋਂ ਗੁੜ੍ਹਤੀ ਦਿਵਾਉਣੀ ਹੈ । ਬਹੁਤ ਵਾਰੀ ਗੁੜ੍ਹਤੀ ਪਿਤਾ ਦੁਆਰਾ ਹੀ ਦਿਵਾਈ ਜਾਂਦੀ ਹੈ । ਗੁੜ੍ਹਤੀ ਵਿਚ ਸ਼ਹਿਦ ਮੱਖਣ ਤੇ ਦਹੀ ਬੱਚੇ ਦੀ ਜੀਭ ਉਤੇ ਲਾਇਆ ਜਾਂਦਾ ਹੈ । ਇਹ ਤਿੰਨੇ ਚੀਜ਼ਾਂ ਸ਼ਕਤੀ ਅਤੇ ਅਕਲ ਦਾ ਚਿੰਨ੍ਹ ਹਨ । ਕਈ ਕਬੀਲਿਆਂ ਵਿੱਚ ਪਿਤਾ ਬੱਚੇ ਵਲ ਤਿੰਨ ਫੂਕਾਂ ਮਾਰਦਾ ਤੇ ਪਿਛੋਂ ਬੱਚੇ ਦੀ ਜੀਭ ਤੇ ਗੁੜ੍ਹ ਲਾਉਦਾ । ਕਈ ਵਾਰ ਉਪਰੋਕਤ ਮਿਸ਼ਰਣ ਕੌਲੀ, ਚਾਂਦੀ ਜਾਂ ਸੋਨੇ ਦੇ ਚਮਚ ਵਿੱਚ ਦਿੱਤਾ ਜਾਂਦਾ ਤੇ ਇਹ ਮੰਤਰ ਬਾਰ ਬਾਰ ਦੁਹਰਾਇਆ ਜਾਂਦਾ :

"ਭੂਸ ਭਾਵਾਇ ਦਸਾਮਿ, ਭੁਵਾਸ ਭੁਵਾਹਿ ਦਸਾਮਿ,
ਭੂਰ, ਉਧਾਰ, ਸਵਸ ਭੂਭਾਇ ਦਸਾਮਿ ।"

ਉਪਰੋਕਤ ਮੰਤਰ ਬੱਚੇ ਲਈ ਚੰਗਾ ਬੌਧਿਕ ਅਤੇ ਸਰੀਰਕ ਭਵਿੱਖ ਮੰਗਣ ਦੀ ਸੂਚਨਾ ਸਮਝਿਆ ਜਾਂਦਾ ।

ਗੁੜ੍ਹਤੀ ਉਪਰੰਤ ਬੱਚੇ ਨੂੰ ਮਾਂ ਦਾ ਦੁੱਧ ਚੁੰਘਾਇਆ ਜਾਂਦਾ ਹੈ । ਪਰ ਪਹਿਲੀ ਵਾਰ ਦਾ ਦੁੱਧ ਵੀ ਬੱਚੇ ਦੀ ਮਾਂ ਬੜ੍ਹੇ ਸ਼ਗਨਾਂ ਨਾਲ ਚੁੰਘਾਉਦੀ ਇਸ ਸਮੇਂ ਬੱਚੇ ਦੀ ਕੁਆਰੀ ਭੂਆ ਹਲਦੀ, ਚਾਵਲ ਤੇ ਮਿੱਠੇ ਆਦਿ ਦੇ ਘੋਲ ਨਾਲ ਮਾਂ ਦੇ ਦੁੱਧਾਂ ਨੂੰ ਹਰੇ ਘਾਹ ਦੀ ਦੁੱਬ ਨਾਲ ਧੋਂਦੀ ਹੈ । ਇਸ ਪਿਛੋਂ ਮਾਂ ਦਾ ਦੁੱਧ ਬੱਚੇ ਨੂੰ ਚੁੰਘਾਇਆ ਜਾਂਦਾ । ਪਰਿਵਾਰ ਵਲੋਂ ਘਰ ਦੀ ਸਮਰੱਥਾ ਮੁਤਾਬਕ ਭੂਆ ਨੂੰ ਇਸ ਕਰਮ ਬਦਲੇ ਦਾਨ ਦਿੱਤਾ ਜਾਂਦਾ ।

ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੱਚੇ ਦੇ ਜਨਮ ਹੋਣ ਨਾਲ ਘਰ ਅਸ਼ੁੱਧ ਹੋ ਜਾਂਦਾ ਹੈ । ਇਹ ਅਸ਼ੁਧਤਾ ਵੱਖ-ਵੱਖ ਵਰਗਾਂ ਲਈ ਵੱਖ-ਵੱਖ ਸਮਾਂ ਹੈ । ਇਸ ਨੂੰ ਸੂਤਕ ਆਖਦੇ ਹਨ । ਆਮ ਤੌਰ ਤੇ ਇਹ ਗਿਆਰਾਂ ਜਾਂ ਤੇਰ੍ਹਾਂ ਦਿਨ ਹੁੰਦੇ ਹਨ । ਇਸ ਰਸਮ ਨੂੰ 'ਦਸੋਧਨ' ਵੀ ਆਖਦੇ ਹਨ । ਇਸ ਸਮੇਂ ਮਾਂ ਦੇ ਬਸਤਰ ਤੇ ਬਿਸਤਰਾ ਦਾਈ ਨੂੰ ਦਿੱਤਾ ਜਾਂਦਾ ਹੈ । ਇਸ ਰਸਮ ਨੂੰ ਘਰ ਵਧਾਉਣਾ ਵੀ ਆਖਦੇ ਹਨ ।ਇਹ ਰਸਮ ਆਮ ਤੌਰ ਤੇ ਤੇਰ੍ਹਵੇ ਦਿਨ ਕੀਤੀ ਜਾਂਦੀ ਹੈ । ਇਸ ਸਮੇਂ ਲਾਗੀ ਵਧਾਈ ਦਿੰਦੇ ਹਨ ਤੇ ਦਾਈ ਬੱਚੇ ਨੂੰ ਤਰਾਗੜੀ ਨਾਲ ਘੁੰਗਰੂ ਬੰਨ੍ਹ ਕੇ ਪਹਿਨਾਉਂਦੀ ਹੈ ਜੋ ਬਦਰੂਹਾਂ ਤੋਂ ਬਚਾਅ ਦਾ ਪ੍ਰਤੀਕ ਹੈ । ਇਸ ਪਿਛੋਂ ਬੱਚਾ ਘਰ ਦੇ ਅੰਦਰ ਬਾਹਰ ਜਾ ਸਕਦਾ ਹੈ, ਪਰ ਬੱਚੇ ਦੇ ਜਨਮ ਨਾਲ ਆਈ ਅਸ਼ੁੱਧਤਾ ਚਾਲੀ ਦਿਨ ਪਿਛੋਂ ਖੁਆਜੇ ਦੀ ਪੂਜਾ ਮਗਰੋਂ ਪੂਰੀ ਤਰ੍ਹਾਂ ਖਤਮ ਹੁੰਦੀ ਤੇ ਜਨਮ ਨਾਲ ਸਬੰਧਤ ਸੰਸਕਾਰ ਪੂਰੇ ਹੋ ਜਾਂਦੇ । ਪਰ ਜੇ ਇਹ ਸੰਸਕਾਰ ਪੂਰੇ ਨਾ ਕੀਤੇ ਜਾਣ ਤਾਂ ਜੱਚਾ ਬੱਚਾ ਦੋਹਾਂ ਲਈ ਖਤਰਾ ਹੋ ਸਕਦਾ ਸੀ ।

ਕਈ ਕਬੀਲਿਆਂ ਵਿਚ ਮਾਤਾ ਬੱਚਾ ਹੋਣ ਤੋ 15 ਦਿਨ ਤੱਕ ਸੂਰਜ ਦੇ ਸਾਹਮਣੇ ਨਹੀਂ ਜਾਂਦੀ ਸੀ । ਪੰਦਰਾਂ ਦਿਨਾਂ ਪਿਛੋਂ ਔਰਤ ਤੇ ਬੱਚੇ ਨੂੰ ਕੇਸੀ ਇਸ਼ਨਾਨ ਕਰਵਾਇਆ ਜਾਂਦਾ । ਮਾਤਾ ਤੇ ਬੱਚਾ ਘਰ ਦੀ ਛੱਤ ਤੋਂ ਬਾਹਰ ਆ ਕੇ ਸੂਰਜ ਨੂੰ ਨਮਸਕਾਰ ਕਰਦੇ ਹਨ ਅਤੇ ਮਾਤਾ ਬੱਚਾ ਸੂਰਜ ਨੂੰ ਅਰਪਣ ਕਰਦੀ ਹੈ । ਇਸ ਸਮੇਂ ਸਾਕ ਸੰਬੰਧੀ ਸੁਗਾਤਾਂ ਭੇਟ ਕਰਦੇ ਹਨ । ਜਨਮ ਸਬੰਧੀ ਸੰਸਕਾਰ ਹਜ਼ਾਰਾਂ ਸਾਲ ਤੋਂ ਚਲੇ ਆ ਰਹੇ ਹਨ ਤੇ ਅੱਜ ਵੀ ਸਾਡੇ ਸਮਾਜ ਵਿੱਚ ਪਾਏ

ਜਾਂਦੇ ਹਨ ਭਾਵੇਂ ਇਹਨਾਂ ਦੇ ਰੂਪ ਵਿਚ ਕੁਝ ਤਬਦੀਲੀ ਵੀ ਆਈ ਹੈ ।

**ਹਿੰਦੂ ਧਰਮ**

ਹਿੰਦੂ ਧਰਮ ਭਾਰਤ ਦੇ ਪੁਰਾਤਨ ਧਰਮਾਂ ਵਿਚੋਂ ਇਕ ਹੈ। ਇਸ ਲਈ ਇਸ ਧਰਮ ਦੇ ਨਿਯਮਾਂ ਅਤੇ ਸੰਸਕਾਰਾਂ ਦਾ ਪ੍ਰਭਾਵ ਭਾਰਤ ਦੇ ਦੂਜੇ ਧਰਮਾਂ ਉਤੇ ਵੀ ਵੇਖਣ ਨੂੰ ਮਿਲਦਾ ਹੈ। ਜੈਨ ਅਤੇ ਬੁੱਧ ਧਰਮ ਵਿਚ ਜਨਮ ਦੇ ਮੁੱਢਲੇ ਸੰਸਕਾਰ ਹਿੰਦੂ ਧਰਮ ਵਾਲੇ ਹੀ ਵੇਖਣ ਨੂੰ ਮਿਲਦੇ ਹਨ। ਭਾਵੇਂ ਕਿ ਗ੍ਰਹਿਸਤੀ ਇਹਨਾਂ ਦੋਵੇਂ ਧਰਮਾਂ ਵਿਚ ਪੈਰੋਕਾਰਾਂ ਦੇ ਰੂਪ ਵਿਚ ਪਾਏ ਜਾਂਦੇ ਹਨ। ਪਰ ਇਹ ਦੋਵੇ ਂ ਸ੍ਰਮਣਕ ਧਰਮ ਹੋਣ ਕਰਕੇ ਗ੍ਰਹਿਸਤੀਆਂ ਦੀ ਖਿੱਚ ਦਾ ਪ੍ਰਮੁੱਖ ਕੇਂਦਰ ਨਹੀਂ ਰਹਿ ਸਕੇ ਇਸ ਕਰਕੇ ਇਹਨਾਂ ਧਰਮਾਂ ਦੇ ਗ੍ਰਹਿਸਤੀ ਪੈਰੋਕਾਰਾਂ ਨੇ ਬਹੁਤ ਸਾਰੇ ਮੁੱਢਲੇ ਸੰਸਕਾਰ ਹਿੰਦੂ ਧਰਮ ਵਾਲੇ ਹੀ ਗ੍ਰਹਿਣ ਕੀਤੇ।

ਹਰ ਧਰਮ ਵਿਚ ਤਿੰਨ ਪ੍ਰਮੁੱਖ ਸੰਸਕਾਰ ਵੇਖਣ ਨੂੰ ਮਿਲਦੇ ਹਨ – ਜਨਮ, ਵਿਆਹ ਅਤੇ ਮੌਤ। ਇਹਨਾਂ ਤਿੰਨ ਸੰਸਕਾਰਾਂ ਤੋਂ ਇਲਾਵਾ ਇਕ ਹੋਰ ਚੌਥਾ, ਸੰਸਕਾਰ ਵੀ ਧਰਮਾਂ ਦਾ ਹਿੱਸਾ ਰਿਹਾ ਹੈ ਜਿਸ ਨੂੰ ਦੀਖਿਆ ਸੰਸਕਾਰ ਕਹਿੰਦੇ ਹਨ। ਹਰ ਧਰਮ ਵਿਚ ਇਹਨਾਂ ਚਾਰ ਸੰਸਕਾਰਾਂ ਦਾ ਹੋਣਾ ਲਾਜ਼ਮੀ ਮੰਨਿਆ ਗਿਆ ਹੈ। ਹਿੰਦੂ ਧਰਮ ਵਿਚ ਇਹਨਾਂ ਚਾਰ ਸੰਸਕਾਰਾਂ ਦਾ ਵਿਸਤਾਰ ਪੂਰਵਕ ਵਰਣਨ ਕੀਤਾ ਗਿਆ ਹੈ ਜਿਸ ਕਾਰਣ ਇਹ ਚਾਰ ਸੰਸਕਾਰ ਆਸ਼ਵਲਾਯਨ ਗ੍ਰਹਿ ਸੂਤਰ ਅਨੁਸਾਰ ਗਿਆਰ੍ਹਾਂ, ਮਨੂ ਸਿਮ੍ਰਤੀ ਅਨੁਸਾਰ ਤੇਰ੍ਹਾਂ ਅਤੇ ਗੌਤਮ ਧਰਮ ਸੂਤਰ ਅਨੁਸਾਰ ਚਾਲੀ ਸੰਸਕਾਰਾਂ ਤੱਕ ਫੈਲ ਗਏ ਪਰ ਇਥੇ ਕੇਵਲ ਜਨਮ ਅਤੇ ਬਚਪਨ ਨਾਲ ਸਬੰਧਿਤ ਪ੍ਰਮੁੱਖ ਸੰਸਕਾਰਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ :

**1. ਗਰਭਧਾਨ ਸੰਸਕਾਰ** : ਇਹ ਜਨਮ ਤੋਂ ਪਹਿਲਾਂ ਦਾ ਸੰਸਕਾਰ ਹੈ ਜੋ ਕਿ ਪਤੀ ਅਤੇ ਪਤਨੀ ਦੁਆਰਾ ਵਿਆਹ ਸਮੇਂ ਪਰਿਵਾਰ ਵਧਾਉਣ ਦੇ ਲਈ ਵਚਨ ਅਨੁਸਾਰ ਕੀਤਾ ਜਾਂਦਾ ਹੈ। ਸੰਤਾਨ ਪਰਿਵਾਰ ਅਤੇ ਕੁਲ ਨੂੰ ਅੱਗੇ ਵਧਾਉਣ ਦਾ ਸਾਧਨ ਮੰਨੀ ਗਈ ਹੈ। ਇਸ ਕਰਕੇ ਗਰਭ ਧਾਰਨ ਕਰਨ ਨੂੰ ਸ਼ੁਭ ਮੰਨਦੇ ਹੋਏ ਇਹ ਸੰਸਕਾਰ ਨਿਭਾਇਆ ਜਾਂਦਾ ਹੈ। ਇਸ ਸੰਸਕਾਰ ਵਿਚ ਵੈਦਿਕ ਮੰਤਰਾਂ ਦਾ ਉਚਾਰਣ ਕਰਦੇ ਹੋਏ ਵਿਸ਼ਨੂੰ, ਪ੍ਰਜਾਪਤ ਆਦਿਕ ਦੇਵਤਿਆਂ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ ਤਾਂ ਕਿ ਗਰਭ ਧਾਰਨ ਕਰਨ ਸਮੇਂ ਪਤਨੀ ਉਤੇ ਦੇਵਤਿਆਂ ਦੀ ਕਿਰਪਾ ਰਹੇ। ਮਨੂੰ ਸਿਮ੍ਰਤੀ ਵਿਚ ਦੱਸਿਆ ਗਿਆ ਹੈ, ''ਬ੍ਰਾਹਮਣ ਆਦਿ ਵਰਣਾਂ ਨੂੰ ਇਸ ਲੋਕ ਅਤੇ ਪਰਲੋਕ ਵਿਚ ਪਵਿੱਤਰ ਕਰਨ ਵਾਲੇ 'ਗਰਭਧਾਨ' ਆਦਿ ਸੰਸਕਾਰ ਵੇਦਾਂ ਦੀ ਮਰਯਾਦਾ ਅਨੁਸਾਰ ਕਰਨੇ ਚਾਹੀਦੇ ਹਨ।'' (ਅਧਿਆਇ 2.26)। ਇਸੇ ਤਰ੍ਹਾਂ ਗਰਭਧਾਨ ਸੰਸਕਾਰ ਵਿਚ ਪ੍ਰਾਰਥਨਾ ਤੋਂ ਬਾਅਦ ਪਤੀ-ਪਤਨੀ ਦੇ ਸੰਯੋਗ ਦਾ ਵਰਣਨ ਕੀਤਾ ਗਿਆ ਹੈ। ਇਸ ਸਬੰਧ ਵਿਚ ਨਿਰਦੇਸ਼ ਦਿੰਦੇ ਮਨੂੰ ਸਿਮ੍ਰਤੀ ਵਿਚ ਕਿਹਾ ਗਿਆ ਹੈ, ''ਆਪਣੀ ਪਤਨੀ ਨੂੰ ਪਿਆਰ ਕਰਨ ਵਾਲਾ ਮਨੁੱਖ ਮਾਹਵਾਰੀ ਆਉਣ ਤੋਂ ਬਾਅਦ ਸ਼ੁੱਧ ਹੋਈ ਪਤਨੀ ਨਾਲ ਮੇਲ ਕਰੇ ਅਤੇ ਕਾਮ ਇੱਛਾ ਹੋਣ ਤੇ ਮੱਸਿਆ, ਪੂਰਨਮਾਸ਼ੀ ਆਦਿ ਤਿਥਾਂ ਨੂੰ ਛੱਡ ਕੇ ਬਾਕੀ ਦਿਨਾਂ ਵਿਚ ਇਸਤਰੀ ਨਾਲ ਸੰਯੋਗ ਕਰ ਸਕਦਾ ਹੈ। ਮਾਹਵਾਰੀ ਦੇ ਦੋ ਦਿਨ ਤੋਂ ਸੋਲ੍ਹਵੇਂ ਦਿਨ ਤੱਕ ਇਸਤਰੀ ਦਾ ਸੁਭਾਵਕ 'ਰਿਤੂਕਾਲ' ਮੰਨਿਆ ਜਾਂਦਾ ਹੈ ਭਾਵ ਇਹ ਦਿਨ ਸੰਭੋਗ ਦੇ ਯੋਗ ਹੁੰਦੇ ਹਨ। ਇਹਨਾਂ ਵਿੱਚੋਂ ਪਹਿਲੇ ਚਾਰ ਦਿਨ ਸੰਭਸਗ ਦੇ ਯੋਗ ਨਹੀਂ ਹੁੰਦੇ। ਗਿਆਰ੍ਹਵੀਂ ਅਤੇ ਤੇਰ੍ਹਵੀਂ ਰਾਤ ਨੂੰ ਵੀ ਸੰਭੋਗ ਦੀ ਮਨਾਹੀ ਕੀਤੀ ਗਈ ਹੈ।'' (ਅਧਿਆਇ 3.45-47)। ਸੰਭੋਗ ਕੇਵਲ ਰਾਤ ਨੂੰ ਹੀ ਕਰਨਾ ਯੋਗ ਸਮਝਿਆ ਗਿਆ ਹੈ। ਦਿਨ ਵਿਚ ਇਸ ਦੀ ਮਨਾਹੀ ਕੀਤੀ ਗਈ ਹੈ। ਇਹ ਸੰਸਕਾਰ ਪੁੱਤਰ ਪ੍ਰਾਪਤੀ ਦੀ ਇੱਛਾ ਨਾਲ ਕੀਤਾ ਜਾਂਦਾ ਹੈ ਤਾਂ ਕਿ ਵਿਅਕਤੀ ਲੋਕ ਅਤੇ ਪ੍ਰਲੋਕ ਵਿਚ ਸੁੱਖ ਪ੍ਰਾਪਤ ਕਰ ਸਕੇ। ਧਾਰਮਿਕ ਸੰਸਕਾਰਾਂ ਨਾਲ ਕੀਤੇ ਇਸ ਸੰਸਕਾਰ ਦਾ ਮਹੱਤਵ ਹੈ ਕਿ ਆਉਣ ਵਾਲੇ ਬੱਚੇ ਤੇ ਦੇਵਤਿਆਂ ਦੀ ਕ੍ਰਿਪਾ ਰਹੇ ਤਾਂ ਕਿ ਉਹ ਬੁਰੀਆਂ ਆਤਮਾਵਾਂ ਦੇ ਪ੍ਰਭਾਵ ਤੋਂ ਮੁਕਤ ਤੰਦਰੁਸਤ ਅਤੇ ਸਿਹਤਮੰਦ ਪੈਦਾਇਸ਼ ਵਾਲੇ ਹੋਣ।

**2. ਪੁੰਮਸਵਨ ਸੰਸਕਾਰ** : ਇਹ ਸੰਸਕਾਰ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਇਹ ਵਿਸ਼ਵਾਸ ਹੋ

ਜਾਵੇ ਕਿ ਪਤਨੀ ਨੇ ਗਰਭ ਧਾਰਨ ਕਰ ਲਿਆ ਹੈ। ਇਹ ਸੰਸਕਾਰ ਪੁੱਤਰ ਪ੍ਰਾਪਤੀ ਲਈ ਗਰਭ ਧਾਰਨ ਕਰਨ ਦੇ ਤੀਜੇ ਜਾਂ ਚੌਥੇ ਮਹੀਨੇ ਕੀਤਾ ਜਾਂਦਾ ਹੈ। ਭਾਵੇਂ ਕਿ ਇਹ ਸੰਸਕਾਰ ਵੈਦਿਕ ਸਮੇਂ ਵਿਚ ਕੀਤਾ ਦੱਸਿਆ ਜਾਂਦਾ ਹੈ ਪਰ ਵੇਦਾਂ ਵਿਚ ਇਸ ਦਾ ਕੋਈ ਵੇਰਵਾ ਨਹੀਂ ਮਿਲਦਾ। ਗ੍ਰਿਹ ਸੂਤਰ ਵਿਚ ਦੱਸਿਆ ਗਿਆ ਹੈ ਕਿ ਇਸ ਸੰਸਕਾਰ ਦੇ ਸਮੇਂ ਗਰਭਵਤੀ ਇਸਤਰੀਆਂ ਵਰਤ ਰੱਖਦੀਆਂ ਅਤੇ ਨਵੇਂ ਕੱਪੜੇ ਪਹਿਨਦੀਆਂ ਹਨ। ਰਾਤ ਸਮੇਂ ਬੋਹੜ ਦੇ ਦਰਖਤ ਦੀ ਛਾਲ ਤੋਂ ਕੱਢਿਆ ਰਸ ਇਸਤਰੀ ਦੀ ਸੱਜੀ ਨਾਸ ਵਿਚ ਪਾਉਂਦੇ ਹੋਏ ਹਿਰਣਯਗਰਭ ਦੇ ਸ਼ਲੋਕਾਂ ਦਾ ਉਚਾਰਣ ਕੀਤਾ ਜਾਂਦਾ ਹੈ। ਇਹ ਸੰਸਕਾਰ ਉਸ ਸਮੇ ੰ ਕੀਤਾ ਜਾਂਦਾ ਹੈ ਜਦੋਂ ਤੀਜੇ ਜਾਂ ਚੌਥੇ ਮਹੀਨੇ ਬੱਚੇ ਦੀ ਮਾਂ ਦੇ ਪੇਟ ਵਿਚ ਹਰਕਤ ਸ਼ੁਰੂ ਹੁੰਦੀ ਹੈ। ਇਹ ਸੰਸਕਾਰ ਹਰ ਇਕ ਗਰਭ ਧਾਰਨ ਸਮੇਂ ਕੀਤਾ ਜਾਂਦਾ ਹੈ ਭਾਵੇਂ ਕਿ ਪਰਿਵਾਰ ਵਿਚ ਜਿੰਨੇ ਮਰਜ਼ੀ ਪੁੱਤਰ ਹੋਣ ਪਰ ਹਰ ਸੰਸਕਾਰ ਵਿਚ ਪੁੱਤਰ ਦੇ ਜਨਮ ਦੀ ਕਾਮਨਾ ਕੀਤੀ ਜਾਂਦੀ ਹੈ।

**3. ਸੀਮੰਤੋਨਾਇਨ ਸੰਸਕਾਰ** : ਇਹ ਸੰਸਕਾਰ ਵੀ ਜਨਮ ਤੋਂ ਪਹਿਲਾਂ ਦਾ ਹੈ ਜੋ ਕਿ ਗਰਭ ਦੇ ਪੰਜਵੇਂ ਮਹੀਨੇ ਕੀਤਾ ਜਾਂਦਾ ਹੈ। ਇਸ ਸੰਸਕਾਰ ਵਿਚ ਪਤੀ ਪਤਨੀ ਦੇ ਵਾਲ ਸੁਆਰਦਾ ਹੈ ਜੋ ਕਿ ਇਸ ਗੱਲ ਦਾ ਸੂਚਕ ਹੈ ਕਿ ਇਸ ਸਮੇਂ ਦੌਰਾਨ ਪਤਨੀ ਨੂੰ ਵਧੇਰੇ ਸੁਰੱਖਿਆ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ ਅਤੇ ਪਤੀ ਪਤਨੀ ਦੇ ਜੀਵਨ ਵਿਚ ਸਭ ਤੋਂ ਨੇੜੇ ਹੋਣ ਕਰਕੇ ਇਸ ਰਸਮ ਰਾਹੀਂ ਪਤਨੀ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਕਬੂਲਦਾ ਹੈ। ਇਸ ਦੇ ਨਾਲ ਹੀ ਇਸ ਰਸਮ ਵਿਚ ਇਸ ਮਹੀਨੇ ਤੋਂ ਬਾਅਦ ਪਤਨੀ ਲਈ ਵੀ ਵਿਸ਼ੇਸ਼ ਦਿਸ਼ਾ-ਨਿਰਦੇਸ਼ ਨਿਸ਼ਚਿਤ ਕੀਤੇ ਗਏ ਹਨ ਕਿ ਉਹ ਪੱਬਾਂ ਪੈਰ ਬੈਠਣ, ਭਾਰੀ ਕੰਮ ਕਰਨ, ਯਾਤਰਾ ਕਰਨ ਅਤੇ ਥਕਾਵਟ ਮਹਿਸੂਸ ਕਰਨ ਤੋਂ ਪ੍ਰਹੇਜ ਕਰੇ ਅਤੇ ਖੁਸ਼ ਰਹੇ। ਇਹ ਰਸਮ ਬ੍ਰਾਹਮਣਾਂ ਨੂੰ ਭੋਜਨ ਛਕਾਉਣ ਨਾਲ ਖਤਮ ਹੁੰਦੀ ਹੈ ਅਤੇ ਰਸਮ ਖਤਮ ਹੋਣ ਤੋਂ ਬਾਅਦ ਇਸਤਰੀ ਮੌਨ ਰਹਿੰਦੀ ਹੈ ਜੋ ਕਿ ਰਾਤ ਨੂੰ ਤਾਰੇ ਨਿਕਲਣ ਤੱਕ ਜਾਰੀ ਰਹਿੰਦਾ ਹੈ। ਇਹ ਮੌਨ ਵੱਛੇ ਨੂੰ ਛੂਹਣ ਨਾਲ ਖੁਲ੍ਹਦਾ ਹੈ।

ਉਪਰੋਕਤ ਸੰਸਕਾਰ ਬੱਚੇ ਦੇ ਜਨਮ ਤੋਂ ਪਹਿਲਾਂ ਕੀਤੇ ਜਾਂਦੇ ਹਨ। ਬੱਚੇ ਦੇ ਜਨਮ ਸਮੇਂ ਕੀਤੇ ਜਾਣ ਵਾਲੇ ਪ੍ਰਮੁੱਖ ਸੰਸਕਾਰ ਇਸ ਤਰ੍ਹਾਂ ਦਰਸਾਏ ਗਏ ਹਨ :

**4. ਜਾਤਕਰਮ ਸੰਸਕਾਰ** : ਇਹ ਸੰਸਕਾਰ ਬੱਚੇ ਦੇ ਜਨਮ ਸਮੇਂ ਕੀਤਾ ਜਾਂਦਾ ਹੈ। ਇਸ ਸੰਸਕਾਰ ਦਾ ਵਰਣਨ ਕਰਦੇ ਹੋਏ ਮਨੂੰ ਸਿਮ੍ਰਤੀ ਵਿਚ ਦੱਸਿਆ ਗਿਆ ਹੈ, ''ਬੱਚੇ ਦਾ ''ਨਾਭੀ ਛੇਦਨ'' ਤੋਂ ਪਹਿਲਾਂ ਜਾਤਕਰਮ ਸੰਸਕਾਰ ਕੀਤਾ ਜਾਂਦਾ ਹੈ। ਇਸ ਸਮੇਂ ਘੀ ਅਤੇ ਸ਼ਹਿਦ ਮੰਤਰਾਂ ਦੁਆਰਾ ਬੱਚੇ ਦੇ ਮੂੰਹ ਵਿਚ ਪਾਇਆ ਜਾਂਦਾ ਹੈ।'' (ਆਇਆਇ 2.29)। ਪੁੱਤਰ ਦੇ ਜਨਮ ਤੇ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਅਤੇ ਦਾਨ ਦਿੱਤਾ ਜਾਂਦਾ ਹੈ। ਬੱਚੇ ਦਾ ਪਿਤਾ ਜਾਂ ਬ੍ਰਾਹਮਣ ਬੱਚੇ ਦੇ ਕੰਨ ਵਿਚ ਵੈਦਿਕ ਮੰਤਰਾਂ ਦਾ ਉਚਾਰਣ ਕਰਦਾ ਹੋਇਆ ਬੱਚੇ ਦੇ ਬੁੱਧੀਮਾਨ ਹੋਣ ਅਤੇ ਉਸ ਦੀ ਲੰਮੀ ਉਮਰ ਦੀ ਕਾਮਨਾ ਕਰਦਾ ਹੈ। ਇਸ ਸਮੇਂ ਬ੍ਰਾਹਮਣਾਂ ਨੂੰ ਭੋਜਨ ਦੀ ਰਸਮ ਨੂੰ 'ਨਾਂਦੀ ਸ਼ਰਾਧ' ਕਿਹਾ ਜਾਂਦਾ ਹੈ। ਸਿਆਣੇ ਅਤੇ ਸਮਝਦਾਰ ਵਿਅਕਤੀ ਪੁੱਤਰ ਦੇ ਜਨਮ ਨੂੰ 'ਪਿਤਰ ਰਿਣ' ਦਾ ਸਾਧਨ ਸਮਝਣ ਦੇ ਨਾਲ-ਨਾਲ ਲੜਕੀ ਦੇ ਜਨਮ ਨੂੰ ਵੀ ਵਿਆਹ ਸਮੇਂ 'ਕੰਨਿਆ ਦਾਨ' ਦੇ ਰੂਪ ਵਿਚ ਸਵੀਕਾਰਦੇ ਹਨ ਜੋ ਕਿ ਪਿਤਾ ਨੂੰ ਕਈ ਰਿਣਾਂ ਤੋਂ ਮੁਕਤ ਕਰ ਦਿੰਦਾ ਹੈ। ਇਸ ਸੰਸਕਾਰ ਨੂੰ ਪਰਿਵਾਰ ਦੇ ਵਾਧੇ ਦੇ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ। ਇਸ ਦਾ ਮਹੱਤਵ ਇਸਤਰੀ ਲਈ ਵੀ ਬਹੁਤ ਜ਼ਿਆਦਾ ਹੈ ਜੋ ਕਿ ਬਾਂਝ ਹੋਣ ਤੋਂ ਦੋਸ਼ ਮੁਕਤ ਹੋ ਜਾਂਦੀ ਹੈ। ਇਸਤਰੀ ਦਾ ਸਤਿਕਾਰ ਵਧ ਜਾਂਦਾ ਹੈ ਜੋ ਕਿ ਮਨੁੱਖੀ ਜੀਵਨ ਦੀ ਉਤਪਤੀ ਦਾ ਇਕੋ ਇਕ ਅਤੇ ਪ੍ਰਮੁੱਖ ਕਾਰਣ ਮੰਨੀ ਗਈ ਹੈ।

**5. ਨਾਮਕਰਣ ਸੰਸਕਾਰ** : ਨਾਮਕਰਣ ਦੀ ਰਸਮ ਜਨਮ ਤੋਂ ਦਸਵੇਂ ਜਾਂ ਬਾਹਰਵੇਂ ਜਾਂ ਚਾਲੀਵੇ ੰ ਦਿਨ ਅਤੇ ਸ਼ੁਭ ਘੜੀ ਵੇਖ ਕੇ ਕਰਨ ਦਾ ਵਿਧਾਨ ਹੈ। ਸ਼ੁਭ ਘੜੀ ਦਾ ਸਮਾਂ ਪ੍ਰੋਹਿਤ ਦੁਆਰਾ ਦੱਸਿਆ ਜਾਂਦਾ ਹੈ ਪਰ ਪ੍ਰਵਾਨਿਤ ਦਿਨਾਂ ਬਾਅਦ ਇਹ ਰਸਮ ਇਸ ਲਈ ਕੀਤੀ ਜਾਂਦੀ ਹੈ ਤਾਂ ਕਿ ਇੰਨੇ ਸਮੇ ੰ ਵਿਚ ਇਸਤਰੀ ਸ਼ੁੱਧ ਹੋ ਜਾਵੇ। ਇਹਨਾਂ ਦਿਨਾਂ ਵਿਚ ਜੇਕਰ ਗ੍ਰਹਿਣ ਜਾਂ ਸ਼ਰਾਧ ਆ ਜਾਣ ਤਾਂ ਨਾਮਕਰਣ

ਦੀ ਰਸਮ ਨੂੰ ਅੱਗੇ ਪਾਇਆ ਜਾ ਸਕਦਾ ਹੈ। ਦਸ ਬਾਰ੍ਹਾਂ ਦਿਨਾਂ ਪਿਛੋਂ ਇਸਤਰੀ ਅਤੇ ਬੱਚੇ ਨੂੰ ਨੁਹਾਇਆ ਜਾਂਦਾ ਹੈ ਕਿ ਬੱਚੇ ਦਾ ਨਾਮ ਇਸ ਤਰ੍ਹਾਂ ਦਾ ਹੋਵੇ ਕਿ ਉਸ ਤੋਂ ਉਸ ਦੇ ਵਰਣ ਦਾ ਪਤਾ ਲਗ ਸਕੇ ਜਿਵੇਂ ਮਨੂੰ ਸਿਮ੍ਰਤੀ ਵਿਚ ਦੱਸਿਆ ਗਿਆ ਹੈ, ''ਬ੍ਰਾਹਮਣ ਦੇ ਬੱਚੇ ਦਾ ਨਾਮ ਸ਼ੁਭ ਸੂਚਕ, ਕਸ਼ੱਤਰੀ ਬਾਲਕ ਦਾ ਨਾਮ ਬਹਾਦਰੀ ਸੂਚਕ, ਵੈਸ਼ ਬਾਲਕ ਦਾ ਨਾਂ ਧਨ ਸੂਚਕ ਅਤੇ ਸ਼ੂਦਰ ਦੇ ਬੱਚੇ ਦਾ ਨਾਂ ਦਾਸ ਆਦਿ ਦਾ ਸੂਚਕ ਹੋਣਾ ਚਾਹੀਦਾ ਹੈ'' (ਅਧਿਆਇ 2.31)। ਇਹ ਸਭ ਨਾਮ ਮੁੰਡਿਆਂ ਦੇ ਦਰਸਾਏ ਗਏ ਹਨ ਕਿਉਂਕਿ ਉਹਨਾਂ ਦੇ ਨਾਮ ਤੋਂ ਹੀ ਉਹਨਾਂ ਦੇ ਵਰਣ ਅਤੇ ਕੁਲ ਦਾ ਪਤਾ ਲਗਦਾ ਹੈ। ਮੁੰਡਿਆਂ ਦੇ ਨਾਵਾਂ ਤੋਂ ਇਲਾਵਾ ਮਨੂੰ ਸਿਮ੍ਰਤੀ ਵਿਚ ਕੁੜੀਆਂ ਦੇ ਨਾਵਾਂ ਦਾ ਜ਼ਿਕਰ ਵੀ ਆਉਂਦਾ ਹੈ ਜਿਸ ਵਿਚ ਇਹ ਦੱਸਿਆ ਗਿਆ ਹੈ, ''ਇਸਤਰੀਆਂ ਦੇ ਨਾਂ ਅਸਾਨੀ ਨਾਲ ਬੋਲੇ ਜਾਣ ਵਾਲੇ, ਸਪਸ਼ਟ ਅਰਥਾਂ ਵਾਲੇ ਮਨਭਾਉਂਦੇ, ਸ਼ੁਭ ਸੂਚਕ ਅਤੇ ਅਸ਼ੀਰਵਾਦ ਦੇ ਅਰਥਾਂ ਵਾਲੇ ਹੋਣੇ ਚਾਹੀਦੇ ਹਨ'' (ਅਧਿਆਇ 2.33)। ਨਾਮਕਰਣ ਦੀ ਰਸਮ ਉਪਰੰਤ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ।

6. **ਨਿਸ਼ਕਰਮਣ ਸੰਸਕਾਰ** : ਇਹ ਸੰਸਕਾਰ ਬੱਚੇ ਦੇ ਜਨਮ ਤੋਂ ਚਾਰ ਜਾਂ ਪੰਜ ਮਹੀਨੇ ਬਾਅਦ ਕੀਤਾ ਜਾਂਦਾ ਹੈ ਜਦੋਂ ਬੱਚੇ ਦੇ ਸਰੀਰਕ ਅੰਗਾਂ ਦੀ ਹਰਕਤ ਵਿਚ ਵਾਧਾ ਹੋ ਜਾਂਦਾ ਹੈ ਭਾਵ ਬੱਚਾ ਬੈਠਣ ਅਤੇ ਰੁੜ੍ਹਨ ਲੱਗ ਪੈਂਦਾ ਹੈ। ਪੁਰਾਣੇ ਸਮੇਂ ਵਿਚ ਇਸ ਸੰਸਕਾਰ ਦੇ ਸਮੇਂ ਘਰ ਦੇ ਵਿਹੜੇ ਨੂੰ ਗਾਂ ਦੇ ਗੋਹੇ ਜਾਂ ਮਿੱਟੀ ਨਾਲ ਲਿਪਿਆ ਜਾਂਦਾ ਹੈ ਅਤੇ ਉਥੇ ਸਵਾਸਤਿਕ ਦਾ ਨਿਸ਼ਾਨ ਬਣਾਇਆ ਜਾਂਦਾ ਸੀ। ਪਰਿਵਾਰਕ ਦੇਵੀ-ਦੇਵਤੇ ਦੇ ਭਜਨ ਗਾਏ ਜਾਂਦੇ ਹਨ ਅਤੇ ਬੱਚੇ ਨੂੰ ਸੂਰਜ ਦੇ ਦਰਸ਼ਨ ਕਰਵਾਉਣ ਲਈ ਬਾਹਰ ਲਿਆਇਆ ਜਾਂਦਾ ਹੈ। ਇਹ ਸੰਸਕਾਰ ਵੀ ਬ੍ਰਾਹਮਣ ਦੁਆਰਾ ਕੀਤੀਆਂ ਰਸਮਾਂ ਨਾਲ ਸੰਪੂਰਨ ਸਮਝਿਆ ਜਾਂਦਾ ਹੈ ਜੋ ਕਿ ਬੱਚੇ ਨੂੰ ਅਸ਼ੀਰਵਾਦ ਦਿੰਦਾ ਹੈ। ਸੂਰਜ ਦੇ ਦਰਸ਼ਨ ਕਰਾਉਣ ਤੋਂ ਕੁਝ ਦਿਨ ਬਾਅਦ ਜਾਂ ਅਗਲੇ ਮਹੀਨੇ ਚੰਦਰਮਾ ਦੇ ਦਰਸ਼ਨ ਕਰਾਉਣ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਇਸ ਸੰਸਕਾਰ ਦਾ ਮਹੱਤਵ ਇਹ ਮੰਨਿਆ ਗਿਆ ਹੈ ਕਿ ਇਸ ਨਾਲ ਬੱਚਾ ਕੁਦਰਤ ਦੇ ਦਰਸ਼ਨ ਕਰਦਾ ਹੈ। ਜਿਸ ਵਿਚ ਬੱਚਾ ਸੂਰਜ ਅਤੇ ਚੰਦਰਮਾ ਦੇ ਕੁਦਰਤੀ ਗੁਣਾਂ ਨੂੰ ਗ੍ਰਹਿਣ ਕਰਨ ਦੇ ਨਾਲ ਨਾਲ ਖੁੱਲ੍ਹੀ ਅਤੇ ਸਾਫ਼ ਹਵਾ ਵਿਚ ਜੀਵਨ ਆਰੰਭ ਕਰਦਾ ਹੈ।

7. **ਅੰਨਪ੍ਰਾਸ਼ਨ ਸੰਸਕਾਰ** : ਇਹ ਸੰਸਕਾਰ ਬੱਚੇ ਦੇ ਜਨਮ ਤੋਂ ਛੇਵੇਂ ਮਹੀਨੇ ਕੀਤਾ ਜਾਂਦਾ ਹੈ। ਇਸ ਸੰਸਕਾਰ ਦਾ ਸਹੀ ਸਮਾਂ ਉਹ ਮੰਨਿਆ ਜਾਂਦਾ ਹੈ ਜਦੋਂ ਬੱਚਾ ਦੁੱਧ ਤੋਂ ਇਲਾਵਾ ਕੁਝ ਭੋਜਨ ਗ੍ਰਹਿਣ ਕਰਨ ਦੇ ਯੋਗ ਹੋ ਜਾਵੇ ਜਾਂ ਜਦੋਂ ਬੱਚੇ ਦੇ ਦੰਦ ਨਿਕਲਣੇ ਸ਼ੁਰੂ ਹੋ ਜਾਣ ਤਾਂ ਇਹ ਸਮਝਿਆ ਜਾਂਦਾ ਹੈ ਕਿ ਕੁਦਰਤ ਨੇ ਬੱਚੇ ਨੂੰ ਭੋਜਨ ਗ੍ਰਹਿਣ ਕਰਨ ਦਾ ਸਮਾਂ ਪ੍ਰਦਾਨ ਕਰ ਦਿੱਤਾ ਹੈ। ਇਸ ਸੰਸਕਾਰ ਸਮੇਂ ਦੇਵਤਿਆਂ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਸਿਹਤ ਅਤੇ ਨੈਤਿਕਤਾ ਦੇ ਅਨੁਕੂਲ ਬੱਚੇ ਦੀਆਂ ਸਭ ਇੰਦਰੀਆਂ ਦੀਆਂ ਰੀਝਾਂ ਪੂਰੀਆਂ ਹੋਣ ਅਤੇ ਉਹ ਖੁਸ਼ੀ ਭਰਪੂਰ ਸੰਜਮੀ ਜੀਵਨ ਬਤੀਤ ਕਰੇ। ਇਸ ਸਮੇਂ ਵੈਦਿਕ ਮੰਤਰਾਂ ਨਾਲ ਸਾਫ਼ ਅਤੇ ਸ਼ੁੱਧ ਭੋਜਨ ਤਿਆਰ ਕੀਤਾ ਜਾਂਦਾ ਹੈ ਅਤੇ ਪਿਤਾ ਦੁਆਰਾ ਬੱਚੇ ਦੇ ਮੂੰਹ ਵਿਚ ਪਾਇਆ ਜਾਂਦਾ ਹੈ। ਇਸ ਸੰਸਕਾਰ ਦਾ ਮਹੱਤਵ ਇਹ ਹੈ ਕਿ ਇਸ ਦਿਨ ਤੋਂ ਬਾਅਦ ਬੱਚੇ ਦੁਆਰਾ ਮਾਂ ਦੇ ਦੁੱਧ ਦੇ ਆਸਰੇ ਵਧਣ-ਫੁੱਲਣ ਨੂੰ ਘੱਟ ਕਰਨ ਦੇ ਨਾਲ-ਨਾਲ ਸਥੂਲ ਆਹਾਰ ਰਾਹੀਂ ਉਸ ਨੂੰ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਤਿਆਰ ਕੀਤਾ ਜਾਵੇ।

8. **ਚੂੜਾਕਰਣ ਸੰਸਕਾਰ** : ਇਸ ਸੰਸਕਾਰ ਨੂੰ ਮੁੰਡਨ ਸੰਸਕਾਰ ਵੀ ਕਿਹਾ ਜਾਂਦਾ ਹੈ। ਮਨੂੰ ਸਿਮ੍ਰਤੀ ਅਨੁਸਾਰ, ''ਸਾਰੇ ਵਰਣਾਂ ਦੇ ਬਾਲਕਾਂ ਦਾ ਚੂੜਾਕਰਣ ਸੰਸਕਾਰ ਵੇਦ ਦੇ ਅਨੁਸਾਰ ਪਹਿਲੇ ਜਾਂ ਤੀਜੇ ਸਾਲ ਕਰਨਾ ਚਾਹੀਦਾ ਹੈ।'' (ਅਧਿਆਇ 2.35)। ਇਹ ਸੰਸਕਾਰ ਦੇਵੀ-ਦੇਵਤਿਆਂ ਦੀ ਪੂਜਾ ਨਾਲ ਕੀਤਾ ਜਾਂਦਾ ਹੈ। ਇਸ ਸੰਸਕਾਰ ਨੂੰ ਬੱਚੇ ਦੀ ਲੰਮੀ ਉਮਰ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਮੁੰਡਨ ਤੋਂ ਬਾਅਦ ਬੱਚੇ ਦੇ ਵਾਲਾਂ ਨੂੰ ਜਾਂ ਤਾਂ ਮਿੱਟੀ ਵਿਚ ਦੱਬ ਦਿੱਤਾ ਜਾਂਦਾ ਹੈ ਜਾਂ ਫਿਰ ਗੋਹੇ ਵਿਚ ਮਿਲਾ ਦਿੱਤਾ ਜਾਂਦਾ ਹੈ। ਅਜਿਹਾ ਸ਼ਾਇਦ ਕਿਸੇ ਮੰਦ ਭਾਵਨਾ ਵਾਲੇ ਵਿਅਕਤੀ ਤੋਂ ਬਚਣ ਲਈ ਕੀਤਾ ਜਾਂਦਾ ਹੈ ਤਾਂ ਕਿ

ਕੋਈ ਵਿਅਕਤੀ ਬੱਚੇ ਦੇ ਵਾਲਾਂ ਤੇ ਜਾਦੂ-ਟੂਣਾ ਨਾ ਕਰ ਸਕੇ। ਇਸ ਸੰਸਕਾਰ ਵਿਚ ਬੱਚੇ ਦਾ ਮੁੰਡਨ ਕਰਦੇ ਸਮੇਂ ਉਸ ਦੀ ਚੋਟੀ ਦੇ ਵਾਲ ਨਹੀਂ ਕੱਟੇ ਜਾਂਦੇ ਜੋ ਕਿ ਸਿਰ ਦੇ ਉਪਰ ਵਾਲੇ ਨਾਜ਼ੁਕ ਜੋੜ ਤੇ ਕੇ ਨਵੇ ਂ ਬਸਤਰ ਪੁਆਏ ਜਾਂਦੇ ਹਨ। ਪ੍ਰਜਾਪਤੀ, ਅਗਨੀ ਆਦਿ ਦੇਵਤਿਆਂ ਦੀ ਪੂਜਾ ਭੇਟਾ ਕਰਨ ਤੋਂ ਬਾਅਦ ਬੱਚੇ ਦਾ ਨਾਮਕਰਣ ਕੀਤਾ ਜਾਂਦਾ ਹੈ। ਨਾਮਕਰਣ ਕਰਨ ਸਮੇਂ ਇਸ ਗੱਲ ਦਾ ਖਿਆਲ ਰੱਖਦੇ ਹੁੰਦੇ ਹਨ। ਇਹ ਸੰਸਕਾਰ ਜਿਥੇ ਬੱਚੇ ਦੀ ਲੰਮੀ ਉਮਰ ਲਈ ਕੀਤਾ ਜਾਂਦਾ ਹੈ ਉਥੇ ਇਹ ਹਿੰਦੂ ਧਰਮ ਵਿਚ ਸ਼ਾਮਲ ਹੋਣ ਦਾ ਇਕ ਮਹੱਤਵਪੂਰਣ ਬਾਹਰੀ ਚਿੰਨ੍ਹ ਮੰਨਿਆ ਜਾਂਦਾ ਹੈ।

**9. ਕਰਣਬੰਧ ਸੰਸਕਾਰ** : ਇਹ ਸੰਸਕਾਰ ਬੱਚਿਆਂ ਦੇ ਕੰਨ ਨੂੰ ਵਿੰਨ੍ਹਣ ਨਾਲ ਸਬੰਧਿਤ ਹੈ। ਇਹ ਤਿੰਨ ਤੋਂ ਪੰਜ ਸਾਲ ਦੀ ਉਮਰ ਵਿਚ ਕੀਤਾ ਜਾਂਦਾ ਹੈ। ਇਸ ਵਿਚ ਸਭ ਤੋਂ ਪਹਿਲਾਂ ਲੜਕੇ ਦੇ ਸੱਜੇ ਕੰਨ ਅਤੇ ਲੜਕੀ ਦੇ ਖੱਬੇ ਕੰਨ ਨੂੰ ਵਿੰਨ੍ਹਿਆਂ ਜਾਂਦਾ ਹੈ। ਇਹ ਸੰਸਕਾਰ ਦਿਨ ਦੇ ਪਹਿਲੇ ਅੱਧ ਵਿਚ ਨਿਭਾਇਆ ਜਾਂਦਾ ਹੈ। ਇਸ ਵਿਚ ਕੰਨ ਨੂੰ ਵਿੰਨ੍ਹਦੇ ਹੋਏ ਕਿਹਾ ਜਾਂਦਾ ਹੈ ਕਿ ਇਹਨਾਂ ਕੰਨਾਂ ਰਾਹੀਂ ਸ਼ੁਭ ਸਮਾਚਾਰ ਸੁਣਨ ਨੂੰ ਮਿਲਦੇ ਰਹਿਣ। ਬ੍ਰਾਹਮਣਾਂ ਨੂੰ ਭੋਜਨ ਛਕਾਉਣ ਨਾਲ ਇਹ ਰਸਮ ਸੰਪੂਰਨ ਕੀਤੀ ਜਾਂਦੀ ਹੈ। ਇਹ ਸ਼ਾਇਦ ਗਹਿਣੇ ਪਹਿਨਣ ਲਈ ਕੀਤਾ ਜਾਂਦਾ ਸੰਸਕਾਰ ਹੈ। ਭਾਰਤ ਵਿਚ ਕੰਨ ਵਿਨ੍ਹਣ ਦਾ ਆਮ ਪ੍ਰਚਲਿਤ ਰਿਵਾਜ ਲੜਕੀਆਂ ਵਿਚ ਹੀ ਵਧੇਰੇ ਵੇਖਣ ਨੂੰ ਮਿਲਦਾ ਹੈ।

ਰਾਜ ਬਲੀ ਪਾਂਡੇ ਨੇ 'ਹਿੰਦੂ ਸੰਸਕਾਰ' ਨਾਮਕ ਪੁਸਤਕ ਵਿਚ ਜਨਮ ਅਤੇ ਬਚਪਨ ਨਾਲ ਸਬੰਧਤ ਇਹਨਾਂ ਪ੍ਰਮੁੱਖ ਸੰਸਕਾਰਾਂ ਦਾ ਵਰਣਨ ਹੀ ਕੀਤਾ ਹੈ ਜਿਸ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ, ਜਨਮ ਦੇ ਸਮੇਂ ਅਤੇ ਜਨਮ ਤੋਂ ਬਾਅਦ ਬਚਪਨ ਤੱਕ ਦੇ ਪ੍ਰਮੁੱਖ ਸੰਸਕਾਰਾਂ ਦਾ ਵਰਣਨ ਮਿਲਦਾ ਹੈ। ਇਹਨਾਂ ਪ੍ਰਮੁੱਖ ਸੰਸਕਾਰਾਂ ਤੋਂ ਇਲਾਵਾ ਭਾਵੇਂ ਹੋਰ ਵੀ ਸਥਾਨਕ ਸੰਸਕਾਰਾਂ ਦਾ ਜ਼ਿਕਰ ਵੱਖ-ਵੱਖ ਗ੍ਰੰਥਾਂ ਵਿਚ ਕੀਤਾ ਮਿਲਦਾ ਹੈ ਪਰ ਇਹ ਪ੍ਰਮੁੱਖ ਸੰਸਕਾਰ ਹੀ ਮਹੱਤਵਪੂਰਨ ਮੰਨੇ ਗਏ ਹਨ ਜੋ ਕਿ ਸੰਸਕਾਰਾਂ ਨੂੰ ਧਾਰਮਕ ਰੂਪ ਵਿਚ ਪੇਸ਼ ਕਰਨ ਦੇ ਨਾਲ-ਨਾਲ ਉਹਨਾਂ ਦਾ ਸਮਾਜਕ ਰੂਪ ਵੀ ਪੇਸ਼ ਕਰਦੇ ਹਨ।

## ਜੈਨ ਧਰਮ

ਜਦੋਂ ਕੋਈ ਵੀ ਇਸਤਰੀ ਗਰਭ ਧਾਰਨ ਕਰਦੀ ਹੈ ਤਾਂ ਉਸ ਲਈ ਉਹ ਸਮਾਂ ਬੜਾ ਨਾਜ਼ੁਕ ਹੁੰਦਾ ਹੈ।ਇਸ ਸਮੇਂ ਉਨ੍ਹਾਂ ਲਈ ਉਠਣ ਬੈਠਣ ਅਤੇ ਉਨ੍ਹਾਂ ਦੇ ਖਾਣ ਪੀਣ ਦੀ ਬਹੁਤ ਸਾਵਧਾਨੀ ਵਰਤਣੀ ਪੈਂਦੀ ਹੈ।ਇਸ ਸਮੇਂ ਦੌਰਾਨ ਉਨ੍ਹਾਂ ਨੂੰ ਚਿੰਤਾ,ਦੁੱਖ,ਡਰ ਆਦਿ ਤੋਂ ਦੂਰ ਰੱਖਿਆ ਜਾਂਦਾ ਹੈ।ਪ੍ਰਾਚੀਨ ਭਾਰਤ ਅਤੇ ਹੁਣ ਵੀ ਪੁੱਤਰ ਦੇ ਜਨਮ ਸਮੇਂ ਬਹੁਤ ਵੱਡਾ ਉਤਸਵ ਮਨਾਇਆ ਜਾਂਦਾ ਸੀ।ਗਰਭ ਕਾਲ ਪੂਰਾ ਹੋਣ ਤੋਂ ਬਾਅਦ ਜਦੋਂ ਬੱਚੇ ਦਾ ਜਨਮ ਹੁੰਦਾ ਹੈ ਉਸ ਪਹਿਲੇ ਦਿਨ ਜਾਤ ਕਰਮ ਮਨਾਇਆ ਜਾਂਦਾ ਹੈ ਅਤੇ ਬੱਚੇ ਦਾ ਨਾਲ ਕੱਟ ਕੇ ਜਮੀਨ ਵਿੱਚ ਦੱਬ ਦਿੱਤਾ ਜਾਂਦਾ ਹੈ।ਦੂਸਰੇ ਦਿਨ ਰਾਤ ਜਾਗਰਣ(ਜਾਗਰਿਕਾ)ਅਤੇ ਤੀਸਰੇ ਦਿਨ ਚੰਦ-ਸੂਰਜ ਦਰਸ਼ਨ ਦਾ ਉਤਸਵ ਮਨਾਇਆ ਜਾਂਦਾ ਹੈ।(ਬਾਕੀ ਦੇ ਸਤ ਦਿਨ ਤੱਕ ਨਗਰ ਵਿੱਚ ਸੰਗੀਤ,ਨਾਚ ਆਦਿ ਅਨੰਦ ਮੰਗਲ ਦੀ ਧੂਮ ਮੱਚੀ ਰਹਿੰਦੀ ਹੈ)।ਗਿਆਰਵੇਂ ਦਿਨ ਸੁਚਿਕਰਮ ਕੀਤਾ ਜਾਂਦਾ ਹੈ।ਇਸ ਤੋਂ ਬਾਅਦ ਸੂਤਕ ਦੀ ਸਮਾਪਤੀ ਮੰਨੀ ਜਾਂਦੀ ਹੈ ਕਿਉਂਕਿ ਜਨਮ ਤੋਂ ਦਸ ਦਿਨ ਬਾਅਦ ਤੱਕ ਸੂਤਕ ਮੰਨਿਆ ਜਾਂਦਾ ਹੈ।ਬਾਹਰਵੇਂ ਦਿਨ ਵਿਪੁਲ ਅਸ਼ਨ,ਪਾਨ( )ਆਦਿ ਤਿਆਰ ਕਰਕੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਸੰਬੰਧੀਆਂ ਨੂੰ ਬੁਲਾਇਆ ਜਾਂਦਾ ਹੈ।ਇਹਨਾਂ ਸਾਰੇ ਮਹਿਮਾਨਾਂ ਦਾ ਭੋਜਨ ਅਤੇ ਕੱਪੜਿਆ(ਵਸਤਰ)ਆਦਿ ਨਾਲ ਸਤਿਕਾਰ ਕੀਤਾ ਜਾਂਦਾ ਹੈ।ਇਸ ਤੋਂ ਬਾਅਦ ਬੱਚੇ ਦਾ ਨਾਮਕਰਣ ਕੀਤਾ ਜਾਂਦਾ ਹੈ।

ਇਸ ਤੋਂ ਉਪਰੰਤ ਬਹੁਤ ਸਾਰੇ ਸੰਸਕਾਰ ਕੀਤੇ ਜਾਂਦੇ ਹਨ।ਬੱਚਾ ਜਦੋਂ ਰਿੜਨ ਲੱਗਦਾ ਹੈ ਉਸ ਸਮੇਂ ਪਰਗੰਮਣ ਸੰਸਕਾਰ ਕੀਤਾ ਜਾਂਦਾ ਹੈ ਅਤੇ ਜਦੋਂ ਪੈਰਾਂ ਨਾਲ ਤੁਰਨਾ ਸਿਖ ਜਾਂਦਾ ਹੈ ਉਸ ਸਮੇਂ ਚਕੰਰਮਣ ਸੰਸਕਾਰ ਕੀਤਾ ਜਾਂਦਾ ਹੈ।ਜਦੋਂ ਪਹਿਲੇ ਦਿਨ ਖਾਣਾ ਖਾਂਦਾ ਹੈ ਤਦ ਜੇਮਾਮਣ ਸੰਸਕਾਰ ਕੀਤਾ ਜਾਂਦਾ ਹੈ।ਪਹਿਲੀ ਵਾਰ ਜਦੋਂ ਬੋਲਣਾ ਸਿੱਖਦਾ ਹੈ ਉਦੋਂ ਪਰਜਲਪਨ ਸੰਸਕਾਰ ਕੀਤਾ ਜਾਂਦਾ ਹੈ ਅਤੇ ਜਦੋਂ ਉਸ ਦੇ ਕੰਨ ਬਿੰਨੇ ਜਾਂਦੇ ਹਨ ਤਦ ਕਰਣਵੇਧਨ ਸੰਸਕਾਰ ਮਨਾਇਆ ਜਾਂਦਾ ਹੈ।ਇਸ ਤੋਂ ਬਾਅਦ ਪ੍ਰਤਿਲੇਖਣ(ਵਰ੍ਹੇਗੰਢ),ਚੋਲੋਪਣ(ਚੂੜਾਪਨਯਨ),ਉਪਨਯਨ ਅਤੇ ਕਲਾ ਗ੍ਰਹਿਣ ਆਦਿ ਸੰਸਕਾਰ ਕੀਤੇ

ਜਾਂਦੇ ਹਨ।ਮੁੰਡਿਆ ਦੇ ਤਿਲਕ ਲਗਾਇਆ ਜਾਂਦਾ ਸੀ।ਉਨ੍ਹਾਂ ਦੇ ਹੱਥਾਂ ਪੈਰਾਂ ਅਤੇ ਗਲੇ ਵਿੱਚ ਆਭੂਸ਼ਨ(ਗਹਿਣੇ) ਪਾਏ ਜਾਂਦੇ ਹਨ।ਬੱਚਿਆਂ ਦੀ ਦੇਖਭਾਲ ਲਈ ਕਈ ਦਾਈਆਂ(ਬੱਚਿਆਂ ਨੂੰ ਸੰਭਾਲਣ ਵਾਸਤੇ) ਰੱਖੀਆਂ ਜਾਂਦੀਆਂ ਹਨ।ਇਸ ਤਰ੍ਹਾਂ ਜਨਮ ਸੰਬੰਧੀ ਕੁਝ ਸੰਸਕਾਰ ਜੈਨ ਧਰਮ ਵਿੱਚ ਪ੍ਰਾਪਤ ਹੁੰਦੇ ਹਨ।

**ਬੁੱਧ ਧਰਮ**

ਸੰਸਾਰ ਦੇ ਸਾਰੇ ਧਰਮਾਂ ਦੇ ਆਪਣੇ-ਆਪਣੇ ਸੰਸਕਾਰ ਹਨ।ਉਸ ਧਰਮ ਨੂੰ ਮੰਨਣ ਵਾਲੇ ਲੋਕ ਉਸ ਧਰਮ ਦੇ ਸੰਸਕਾਰਾਂ ਦੀ ਪਾਲਨਾ ਕਰਦੇ ਹਨ।ਬੁੱਧ ਧਰਮ ਦੂਸਰੇ ਧਰਮਾਂ ਨਾਲੋਂ ਵੱਖਰਾ ਧਰਮ ਹੈ।ਜਿਸ ਦੇ ਸੰਸਕਾਰਾਂ ਦੀ ਦੂਸਰੇ ਧਰਮ ਦੇ ਸੰਸਕਾਰਾਂ ਨਾਲ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ।ਬੁੱਧ ਧਰਮ ਵਿੱਚ ਅਜਿਹੇ ਰੀਤੀ-ਰਿਵਾਜ ਜਾਂ ਕਰਮ-ਕਾਂਡ ਲਈ ਕੋਈ ਖਾਸ ਥਾਂ ਪ੍ਰਾਪਤ ਨਹੀਂ।ਇਥੋਂ ਤੱਕ ਕਿ ਪਾਲੀ ਗ੍ਰੰਥਾਂ ਵਿੱਚ ਗ੍ਰਹਿਸਥੀ ਲੋਕਾਂ ਨੂੰ ਸੰਸਕਾਰ ਨਿਭਾਉਣ ਲਈ ਕੋਈ ਨਿਯਮ ਜਾਂ ਤਰੀਕੇ ਸੰਬੰਧੀ ਕੋਈ ਜਿਕਰ ਨਹੀਂ ਮਿਲਦਾ।ਇਹ ਬੁੱਧ ਧਰਮ ਨੂੰ ਮੰਨਣ ਵਾਲਿਆ ਤੇ ਨਿਰਭਰ ਕਰਦਾ ਸੀ ਕਿ ਉਨ੍ਹਾਂ ਨੇ ਸੰਸਕਾਰਾ ਨੂੰ ਮੰਨਣਾ ਹੈ ਕਿ ਨਹੀਂ।ਪਰੰਤੂ ਇਕ ਗੱਲ ਧਿਆਨ ਵਿੱਚ ਰੱਖਣੀ ਜਰੂਰੀ ਸੀ ਕਿ ਇਹ ਸੰਸਕਾਰ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਤੋਂ ਪਰ੍ਹੇ ਨਾ ਹੋਣ।ਪਰ ਕਈ ਵਾਰ ਵੱਖ-ਵੱਖ ਸਥਾਨ ਤੇ ਰਹਿਣ ਕਾਰਣ ਬੁੱਧ ਧਰਮ ਦੇ ਲੋਕ ਸਾਰੇ ਨਿਯਮ ਇਕੋ ਜਿਹੇ ਨਹੀਂ ਅਪਣਾਉਦੇ ਕਿਉਂਕਿ ਉਸ ਜਗ੍ਹਾ ਦੇ ਸਮਾਜ,ਸਭਿਆਚਾਰ ਦਾ ਅਸਰ ਉਥੇ ਰਹਿਣ ਕਾਰਣ ਉਥੋ ਦੇ ਲੋਕਾਂ ਤੇ ਹੋ ਜਾਂਦਾ ਹੈ।ਪਰ ਕੋਈ ਵੀ ਰੀਤੀ-ਰਿਵਾਜ ਨਿਭਾਉਣ ਲੱਗਿਆ ਬੁੱਧ ਧਰਮ ਦੇ ਨਿਯਮਾਂ ਦਾ ਉਲੰਘਣ ਨਹੀਂ ਹੋਣਾ ਚਾਹੀਦਾ।ਇਸ ਕਰਕੇ ਮਨੁੱਖ ਦੁਆਰਾ ਨਿਭਾਏ ਜਾਂਦੇ ਸੰਸਕਾਰ ਉਸ ਧਰਮ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਭਾਵਨਵਾਂ ਦੇ ਵਿਰੁੱਧ ਨਹੀਂ ਹੋਣੇ ਚਾਹੀਦੇ।ਇਸ ਦੇ ਨਾਲ ਹੀ ਕਿਸੇ ਵੀ ਸੰਸਕਾਰ ਨੂੰ ਨਿਭਾਉਣ ਦਾ ਤਰੀਕਾ ਜੇਕਰ ਬੁੱਧ ਧਰਮ ਦੇ ਨਾਲ ਮੇਲ ਨਾ ਖਾਂਦਾ ਹੋਵੇ ਜਾਂ ਧਾਰਮਿਕ ਭਾਵਨਾ ਵੀ ਨਾ ਮੰਨਦੀ ਹੋਵੇ ਉਸ ਨੂੰ ਬੁੱਧ ਧਰਮ ਵਿੱਚ ਨਹੀਂ ਮੰਨਿਆ ਜਾਂਦਾ। ਜਦੋਂ ਆਦਮੀ ਦੇ ਘਰ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਹ ਕੁਝ ਸੰਸਕਾਰ ਕਰਨਾ ਹੈ।ਇਸੇ ਤਰ੍ਹਾਂ ਜਦੋਂ ਉਹ ਆਪਣੇ ਪੁੱਤਰ ਜਾਂ ਪੁੱਤਰੀ ਦੀ ਸ਼ਾਦੀ ਕਰਦਾ ਹੈ ਅਤੇ ਕਿਸੇ ਵਿਅਕਤੀ ਦੀ ਮੌਤ ਦੇ ਸਮੇਂ ਕੀਤੇ ਜਾਂਦੇ ਸੰਸਕਾਰ ਇਹ ਮਨੁੱਖੀ ਜੀਵਨ ਦਾ ਹਿੱਸਾ ਹੁੰਦੇ ਹਨ ਜਿਹਨਾਂ ਨੂੰ ਹਰ ਇਕ ਇਨਸਾਨ ਨਿਭਾਉਦਾ ਹੈ। ਬੱਚੇ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਬੱਚੇ ਨੂੰ ਨਾਮ ਦਿੱਤਾ ਜਾਂਦਾ ਹੈ ਜੋ ਕਿ ਸੁਨਣ ਵਿੱਚ ਵਧੀਆ ਅਤੇ ਖਿੱਚ ਭਰਪੂਰ ਹੋਵੇ।ਬੱਚੇ ਦਾ ਨਾਮ ਰੱਖਣ ਲਈ ਕੁਝ ਭਿਖੂਆਂ ਅਤੇ ਗ੍ਰਹਿਸਥੀ ਲੋਕਾਂ ਨੂੰ ਘਰ ਬੁਲਾਇਆ ਜਾਂਦਾ ਹੈ।ਉਹਨਾਂ ਦੇ ਖਾਣ,ਪਿਲਾਉਣ ਦਾ ਵਧੀਆ ਇੰਤਜਾਮ ਕੀਤਾ ਜਾਂਦਾ ਹੈ।ਹੋਰ ਕਈ ਰੂਪਾਂ ਵਿੱਚ ਭਿਖੂਆਂ ਦੀ ਸੇਵਾ ਕੀਤੀ ਜਾਦੀ ਹੈ।ਸਾਰੇ ਘਰ ਆਏ ਮਹਿਮਾਨ ਇਕੱਠੇ ਹੁੰਦੇ ਹਨ ਅਤੇ ਇੱਕ ਗੋਲਾਕਾਰ ਰੂਪ ਵਿੱਚ ਬੈਠਦੇ ਹਨ।ਖਾਣਾ ਖਿਲਾਉਣ ਤੋਂ ਬਾਅਦ ਬੱਚੇ ਨੂੰ ਭਿਖੂਆਂ ਸਾਹਮਣੇ ਲਿਟਾਇਆ ਜਾਂਦਾ ਹੈ ਅਤੇ ਪੰਚ ਸ਼ੀਲ ਦਿੱਤੇ ਜਾਂਦੇ ਹਨ।ਉਚੀ ਆਵਾਜ ਵਿੱਚ ਬੱਚੇ ਨੂੰ ਨਾਮ ਦੇਣ ਸਮੇਂ ਮਗਲਾ ਸੂਤਾ,ਰਤਨਾ ਸੂਤਾ,ਮੀਟਾ ਸੂਤਾ ਆਦਿ ਸੁਤਾ ਸੁਨਾਏ ਜਾਂਦੇ।ਇਹ ਸਭ ਸੂਤਾ ਖੁਦਕ ਨਿਕਾਯ ਦੇ ਖੁਦਕ ਪਾਠ ਵਿ'ਚ ਮਿਲਦੇ ਹਨ ਅਤੇ ਹੋਰ ਸੁਤਾ ਬੋਲੇ ਜਾਂਦੇ ਹਨ।ਜੋ ਉਨ੍ਹਾਂ ਨੂੰ ਉਸ ਸਮੇਂ ਅਨੁਸਾਰ ਸਹੀ ਲੱਗਦੇ ਹੋਣ।ਬੱਚੇ ਦਾ ਨਾਮ ਭਿਖੂਆਂ ਦਾ ਪ੍ਰਧਾਨ ਦਿੰਦਾ ਹੈ ਜਾਂ ਫਿਰ ਪਿਤਾ ਦੀ ਇੱਛਾ ਅਨੁਸਾਰ ਕੋਈ ਹੋਰ ਜਿਸਨੂੰ ਉਹ ਚਾਹੇ ਆਪਣੀ ਮਰਜੀ ਅਨੁਸਾਰ ਨਾਮ ਰਖਵਾ ਸਕਦਾ ਹੈ ਜਾਂ ਖੁਦ ਵੀ ਰੱਖ ਸਕਦਾ ਹੈ।ਇਸ ਤਰ੍ਹਾਂ ਬੱਚੇ ਨੂੰ ਨਾਮ ਦਿੱਤਾ ਜਾਂਦਾ ਹੈ।ਬੱਚੇ ਦਾ ਨਾਮ ਉਸ ਦੇ ਜਨਮ ਦੇ ਦਿਨ,ਮਹੀਨੇ ਦੇ ਅਨੁਸਾਰ ਹੀ ਰੱਖਿਆ ਜਾਂਦਾ ਹੈ।ਸੂਤਾ ਨੂੰ ਉੱ'ਚੀ ਆਵਾਜ ਵਿੱਚ ਪੜਨ ਤੋਂ ਬਾਅਦ,ਭਿਖੂਆਂ ਨੂੰ ਦਾਨ ਦਿੱਤਾ ਜਾਂਦਾ ਹੈ।ਭਿਖੂਆਂ ਦੇ ਜਾਣ ਤੋਂ ਬਾਅਦ ਆਏ ਹੋਏ ਮਹਿਮਾਨਾਂ ਨੂੰ ਖਾਣਾ ਖਿਲਾਇਆ ਜਾਂਦਾ ਹੈ। ਨਾਮ ਸੰਸਕਾਰ ਕਰਨ ਦਾ ਮੁੱਖ ਮਕਸਦ ਬੱਚੇ ਨੂੰ ਬੁੱਧ ਸੰਘ,ਧਮ ਵਲੋਂ ਆਸ਼ੀਰਵਾਦ ਦਿਵਾਉਣਾ ਹੁੰਦਾ ਹੈ।ਇਸ ਨਾਲ ਬੱਚੇ ਨੂੰ ਵੱਧਣ,ਫੁਲਣ,ਸਿਹਤਮੰਦ ਅਤੇ ਲੰਬੀ ਅਤੇ ਖੁਸ਼ੀ ਭਰੀ ਜਿੰਦਗੀ ਲਈ ਮਦਦ ਪ੍ਰਾਪਤ ਹੁੰਦੀ ਹੈ।ਇਹਨਾਂ ਸੂਤਾ ਨੂੰ ਪੜਨ ਦਾ ਅਸਰ ਇਹ ਹੁੰਦਾ ਹੈ ਕਿ ਕੋਈ ਵੀ ਬੁਰੀ ਆਤਮਾ ਬੱਚੇ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੀ।ਬੁੱਧ ਧਰਮ ਦੇ ਧਾਰਮਿਕ ਗ੍ਰੰਥ ਵਿੱਚ ਇਕ ਕਥਾ ਦਾ ਜਿਕਰ ਕੀਤਾ ਗਿਆ ਹੈ ਜੋ ਬੁੱਧ ਨਾਲ ਸੰਬੰਧਤ ਹੈ।ਜਿਸ ਅਨੁਸਾਰ ਮਹਾਤਮਾ ਬੁੱਧ ਦੇ ਸਮੇਂ ਜਦੋਂ ਬੱਚਾ ਸੱਤ ਦਿਨਾਂ ਦਾ ਹੋਕੇ ਮਰ ਜਾਂਦਾ ਸੀ ਤਾਂ ਇਹ ਮੰਨਿਆ ਗਿਆ ਕਿ ਕਿਸੇ ਬੁਰੀ ਆਤਮਾ ਨੇ ਬੱਚੇ ਨੂੰ ਖਾਣ ਲਈ ਆਪਣੇ ਤੋਂ ਵੱਡੇ ਦੀ ਆਗਿਆ ਪ੍ਰਾਪਤ ਕੀਤੀ।ਇਸ ਲਈ ਬੱਚੇ ਦੇ ਮਾਤਾ ਪਿਤਾ ਮਹਾਤਮਾ ਬੁੱਧ ਕੋਲ ਸਲਾਹ ਲੈਣ ਗਏ ਤਾਂਕਿ ਉਨ੍ਹਾਂ ਦਾ ਬੱਚਾ ਬਚ ਸਕੇ।ਮਹਾਤਮਾ ਬੁੱਧ ਨੇ ਉਨ੍ਹਾਂ ਨੂੰ ਆਪਣੇ ਘਰ ਸਾਹਮਣੇ ਪੰਡਾਲ ਬਨਾਉਣ ਨੂੰ ਕਿਹਾ ਅਤੇ ਅੱਠ ਜਾਂ ਸੋਲਾ ਭਿਖੂ ਸੱਤ ਦਿਨ ਬਿਨਾਂ ਰੁਕੇ ਸੂਤਾ ਉੱਚੀ ਆਵਾਜ ਵਿੱਚ ਪੜਨ।ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਆਪਣੇ ਬੱਚੇ ਨੂੰ ਬਚਾ ਲਿਆ।ਸੱਤਵੇ ਦਿਨ ਮਹਾਤਮਾ ਬੁੱਧ ਖੁਦ ਉਸ ਪੰਡਾਲ ਵਿ'ਚ ਪਹੁੰਚ ਗਏ।ਉ'ਥੇ ਕਈ ਮਹਾਨ ਵਿਅਕਤੀ ਵਚਨ ਸੁਣਨ ਲਈ ਇ'ਕਤਰ ਹੋਏ ਸਨ।ਇਸ ਲਈ ਕਿਸੇ ਵੀ ਬੁਰੀ ਆਤਮਾ ਦੀ ਪਹੁੰਚ ਉਥੇ ਤੱਕ ਨਹੀਂ ਹੋ ਸਕਦੀ ਸੀ।ਇਸ ਤਰ੍ਹਾਂ ਉਸ ਬੱਚੇ ਦੀ

ਜਿੰਦਗੀ ਬਚ ਗਈ ਅਤੇ ਉਸ ਨੂੰ ਇਕ ਸੌ ਬੀਹ ਸਾਲ ਦੀ ਜਿੰਦਗੀ ਮਿਲੀ।ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਨਮ ਸੰਸਕਾਰ ਕਰਣ ਦਾ ਕੁਝ ਖਾਸ ਕਾਰਣ ਰਿਹਾ ਹੋਵੇਗਾ ਜਾਂ ਹੁੰਦਾ ਹੈ। ਇਹਨਾਂ ਸੰਸਕਾਰਾਂ ਨੂੰ ਨਿਭਾਉਦੇ ਹੋਏ ਬੋਲਣ ਅਤੇ ਸਮਝਣ ਲੱਗ ਜਾਂਦਾ ਹੈ ਤਦ ਬੱਚੇ ਨੂੰ ਬੁੱਧ ਨਾਲ ਜੁੜੀਆਂ ਹੋਈਆਂ ਕਥਾਵਾਂ ਦਸਣੀਆਂ ਚਾਹੀਦੀਆਂ ਹਨ ਅਤੇ ਜਦੋਂ ਬੱਚਾ ਸੱਤ ਜਾਂ ਅੱਠ ਸਾਲ ਦਾ ਹੁੰਦਾ ਹੈ ਤਦ ਉਸਨੂੰ (ਮੌਨਸਟਿਕ )ਸਕੂਲ ਭੇਜਿਆ ਜਾਂਦਾ ਹੈ।ਇਸੇ ਤਰਾਂ ਵੱਖ ਵੱਖ ਸੰਸਕਾਰ ਵੱਖ ਵੱਖ ਧਰਮਾਂ ਵਿੱਚ ਵੱਖ ਵੱਖ ਸਮੇਂ ਤੇ ਕੀਤੇ ਜਾਂਦੇ ਹਨ।

## ਧਰਮ ਪ੍ਰਵੇਸ਼ ਸੰਸਕਾਰ

ਜਿਥੇ ਬੱਚੇ ਦਾ ਸੰਸਾਰ ਵਿਚ ਜਨਮ ਲੈਣਾ ਇਕ ਅਦਭੁਤ ਘਟਨਾ ਮੰਨੀ ਜਾਂਦੀ ਤੇ ਇਸ ਨਾਲ ਸਬੰਧਿਤ ਵੱਖ-ਵੱਖ ਸੰਸਕਾਰ ਕੀਤੇ ਜਾਂਦੇ ਹਨ ਇਹ ਸੰਸਕਾਰ ਉਦੋਂ ਤੱਕ ਸੰਪੂਰਨ ਨਹੀਂ ਮੰਨੇ ਜਾਂਦੇ ਜਦੋਂ ਤੱਕ ਬੱਚਾ ਧਰਮ ਵਿਚ ਪ੍ਰਵੇਸ਼ ਨਹੀਂ ਕਰ ਜਾਂਦਾ । ਬੱਚੇ ਦੇ ਧਰਮ ਪ੍ਰਵੇਸ਼ ਸਬੰਧੀ ਕੀਤੀਆਂ ਜਾਂਦੀਆਂ ਵੱਖ-ਵੱਖ ਰਹੁਰੀਤਾਂ ਨੂੰ ਧਰਮ ਸੰਸਕਾਰ ਆਖਦੇ ਹਨ । ਧਰਮ ਸੰਸਕਾਰ ਸੰਪੂਰਨ ਹੋਣ ਨਾਲ ਹੀ ਬੱਚੇ ਨੂੰ ਸਮਾਜ ਵਲੋਂ ਪ੍ਰਵਾਨਗੀ ਮਿਲਦੀ ਹੈ ਕਿਉਂਕਿ ਪਰਿਵਾਰ ਜਾਂ ਸਮਾਜ ਨਾਲ ਸਬੰਧਿਤ ਦੇਵਤਿਆਂ ਨੇ ਨਵੇਂ ਜਨਮੇ ਬਾਲ ਨੂੰ ਉਦੋਂ ਹੀ ਪ੍ਰਵਾਨਗੀ ਦੇਣੀ ਹੁੰਦੀ ਹੈ ਜਦੋਂ ਬੱਚਾ ਧਰਮ ਵਿੱਚ ਪ੍ਰਵੇਸ਼ ਕਰਦਾ ਹੈ ਤੇ ਉਸ ਨਾਲ ਸਬੰਧਿਤ ਰਸਮਾਂ ਨਿਭਾਉਦਾ ਹੈ । ਇਸੇ ਲਈ ਧਰਮ ਪ੍ਰਵੇਸ਼ ਦੂਜਾ ਜਨਮ ਮੰਨਿਆ ਜਾਂਦਾ ਹੈ । ਧਰਮ ਸੰਸਕਾਰ ਨੂੰ ਪੂਰਾ ਨਾ ਕਰਵਾਏ ਜਾਣ ਕਰਕੇ ਅੱਜ ਵੀ ਬਹੁਤੇ ਸਮਾਜਿਕ ਕਬੀਲੇ ਬੱਚੇ ਨੂੰ ਅਛੂਤ ਸਮਝਦੇ ਹਨ ।

ਧਰਮ ਪ੍ਰਵੇਸ਼ ਦੀ ਪਹਿਲੀ ਪ੍ਰਕ੍ਰਿਆ ਉਦੋਂ ਸੰਪੂਰਨ ਹੁੰਦੀ ਹੈ ਜਦੋਂ ਬੱਚਾ ਜਨਮ ਲੈਂਦਾ ਹੈ । ਕਿਉਂਕਿ ਉਸ ਪਰਿਵਾਰ ਨਾਲ ਸਬੰਧਿਤ ਬਹੁਤੇ ਸੰਸਕਾਰ ਤਾਂ ਉਦੋਂ ਹੀ ਸੰਪੂਰਨ ਕਰਵਾ ਲਏ ਜਾਂਦੇ । ਪਰ ਇਹ ਸੰਸਕਾਰ ਤਾਂ ਉਦੋਂ ਤੱਕ ਸੰਪੂਰਨ ਨਹੀਂ ਸਮਝੇ ਜਾਂਦੇ ਜਦੋਂ ਤੱਕ ਬੱਚਾ ਜਵਾਨ ਹੋ ਕੇ ਆਪ ਇਹਨਾਂ ਨੂੰ ਸੰਪੂਰਨ ਨਹੀਂ ਕਰਦਾ । ਕਿਉਂਕਿ ਪਹਿਲੇ ਸੰਸਕਾਰ ਤਾਂ ਉਸ ਨੇ ਅਣਭੋਲ ਪਣੇ ਵਿਚ ਪੂਰੇ ਕੀਤੇ ਸਨ । ਪਰ ਹੁਣ ਚੇਤੰਨ ਹੋ ਕੇ ਉਸ ਨੇ ਇਹ ਸੰਸਕਾਰ ਖੁਦ ਪੂਰੇ ਕਰਨੇ ਹਨ । ਤਾਂ ਹੀ ਉਹ ਆਪਣੇ ਸਮਾਜ ਤੇ ਧਾਰਮਿਕ ਕਬੀਲੇ ਦਾ ਮੈਂਬਰ ਬਣਦਾ ਹੈ । ਜੇ ਉਹ ਚੇਤੰਨ ਹੋ ਕੇ ਅਜਿਹੇ ਸੰਸਕਾਰ ਨਹੀਂ ਨਿਭਾਉਂਦਾ ਤਾਂ ਉਸ ਨੂੰ ਸਮਾਜ ਜਾਂ ਧਾਰਮਿਕ ਕਬੀਲਾ ਮਾਨਤਾ ਨਹੀਂ ਦਿੰਦਾ । ਮੁਸਲਮਾਨ ਪਰਿਵਾਰਾਂ ਵਿਚ ਬੱਚੇ ਦਾ ਧਰਮ ਪ੍ਰਵੇਸ਼ ਬੱਚੇ ਦੀ ਸੁੰਨਤ ਹੋਣ ਤੋਂ ਪਿਛੋਂ ਹੁੰਦਾ ਹੈ । ਸੁੰਨਤ ਦੇ ਸਮੇਂ ਉਮਰ ਦੋ ਸਾਲ ਤੋਂ ਲੈ ਕੇ 10 ਸਾਲ ਤੱਕ ਹੋਣੀ ਚਾਹੀਦੀ ਹੈ । ਇਸ ਸਮੇਂ ਦੌਰਾਨ ਇਹ ਰਸਮ ਨਿਭਾਈ ਜਾਂਦੀ ਹੈ । ਇਹ ਰਸਮ ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਮਿਲਕੇ ਨਿਭਾਉਦੇ ਹਨ ਅਤੇ ਸਕੇ ਸਬੰਧੀ ਬੱਚੇ ਨੂੰ ਸੁਗਾਤਾਂ ਭੇਂਟ ਕਰਦੇ ਹਨ । ਮੁਸਲਮਾਨਾਂ ਵਿਚ ਇਕ ਹੋਰ ਰਸਮ 'ਬਿਸਮਿੱਲਾ' ਵੀ ਕੀਤੀ ਜਾਂਦੀ ਹੈ । ਇਹ ਰਸਮ ਮੁੰਡੇ ਅਤੇ ਕੁੜੀ ਦੋਹਾਂ ਲਈ ਕੀਤੀ ਜਾਂਦੀ ਹੈ । ਇਸ ਰੀਤ ਪਿਛੋਂ ਹੀ ਬੱਚੇ ਦੀ ਧਾਰਮਿਕ ਸਿੱਖਿਆ ਸ਼ੁਰੂ ਕੀਤੀ ਜਾਂਦੀ ਹੈ । ਪਹਿਲੇ ਵਰਣ ਮਾਲਾ ਤੇ ਫਿਰ ਹੌਲੀ ਹੌਲੀ ਕੁਰਾਨ ਸ਼ਰੀਫ਼ ਦਾ ਪਾਠ ਸਿਖਾਇਆ ਜਾਂਦਾ ਹੈ । ਯਹੂਦੀ ਪਰਿਵਾਰ ਵੀ ਬੱਚੇ ਦੀ ਸੁਨੰਤ ਕਰਵਾ ਕੇ ਉਸ ਦਾ ਧਰਮ ਪ੍ਰਵੇਸ਼ ਕਰਵਾਉਂਦੇ ਹਨ । ਈਸਾਈ ਧਰਮ ਵਿਚ ਪ੍ਰਵੇਸ਼ ਲਈ 'ਬਪਤਿਸਮਾਂ' ਦੀ ਰਸਮ ਨਿਭਾਈ ਜਾਂਦੀ ਹੈ ।

ਪਾਰਸੀ ਧਰਮ ਵਿਚ ਬੱਚੇ ਦੇ ਜਨਮ ਨੂੰ ਸ਼ੁਭ ਘਟਨਾ ਮੰਨਿਆ ਜਾਂਦਾ ਹੈ । ਪਾਰਸੀ ਲੋਕ ਧਰਮ ਪ੍ਰਵੇਸ਼ ਨੂੰ ਦੀਖਿਆ ਦੀ ਰਸਮ ਆਖਦੇ ਹਨ, ਇਸ ਨੂੰ ਨਵਜੋਤ ਵੀ ਕਿਹਾ ਜਾਂਦਾ ਹੈ । ਨਵਜੋਤ ਰਸਮ ਵਿਚ ਬੱਚਾ ਇਕ ਪਵਿੱਤਰ ਕੁੜਤਾ ਅਤੇ ਕੁਸ਼ਤੀ (ਪੇਤੀ) ਪਹਿਨਦਾ ਹੈ ਜੋ ਉਸਨੇ ਜੀਵਨ ਭਰ ਪਹਿਨਣੇ ਹੁੰਦੇ ਹਨ । ਦੀਖਿਆ ਸਮੇਂ ਉਮਰ ਆਮ ਤੌਰ ਤੇ ਸੱਤ ਸਾਲ ਦੀ ਹੁੰਦੀ ਹੈ ਨਹੀਂ ਤਾਂ ਇਹ ਪੰਦਰਾਂ ਸਾਲ ਦੀ ਉਮਰ ਤੋ ਪਹਿਲਾਂ ਕਰਵਾਉਣੀ ਜ਼ਰੂਰੀ ਮੰਨੀ ਜਾਂਦੀ ਹੈ । ਕੁਸ਼ਤੀ ਭੇਡ ਦੀ ਉੱਨ ਤੋਂ ਤਿਆਰ ਕੀਤੀ ਜਾਂਦੀ ਹੈ । ਕੁਸ਼ਤੀ ਪਰੋਹਿਤ ਸ਼੍ਰੇਣੀ ਦੀ ਕਿਸੇ ਇਸਤਰੀ ਦੁਆਰਾ ਬੁਣੀ ਜਾਂਦੀ ਹੈ । ਪੁਰੋਹਿਤ ਉੱਨ ਤਿਆਰ ਕਰਦਾ ਹੈ । ਇਸ ਰਸਮ ਨਾਲ ਬੁਰਾਈ ਦੀ ਸ਼ਕਤੀ ਅਤੇ ਪਾਪਾਂ ਦਾ ਨਾਸ਼ ਹੁੰਦਾ ਮੰਨਿਆ ਜਾਂਦਾ ਹੈ ।

ਹਿੰਦੂ ਪਰਿਵਾਰਾਂ ਵਿੱਚ ਧਰਮ ਪ੍ਰਵੇਸ਼ ਸੰਸਕਾਰ ਜਨੇਊ ਪਾਉਣ ਨਾਲ ਸੰਪੂਰਨ ਹੁੰਦਾ ਹੈ । ਇਸ ਨੂੰ ਪਹਿਨਣ ਸਬੰਧੀ ਵੀ ਵੱਖ-ਵੱਖ ਕਬੀਲਿਆਂ ਦੇ ਵੱਖ-ਵੱਖ ਰਿਵਾਜ ਹਨ । ਚੰਬੇ ਦੀ ਵਾਦੀ ਦੇ ਰਾਜਪੂਤ ਫੇਰਿਆਂ ਤੋਂ ਪਹਿਲਾਂ ਕਿਸੇ ਸਮੇਂ ਜਨੇਊ ਪਹਿਨਦੇ ਸਨ ਤੇ ਫਿਰ ਬਦਰੀ ਨਾਥ, ਤ੍ਰਿਲੋਕੀ ਨਾਥ ਜਾਂ ਮਨੀਮਹੇਸ ਮੰਦਰ ਉਤੇ ਜੋਗੀਆਂ ਵਾਲਾ ਰੂਪ

ਧਾਰ ਕੇ ਜਾਂਦੇ ਹਨ । ਮੰਦਰ ਦਾ ਪੁਜਾਰੀ ਕੁਝ ਮੰਤਰ ਦਸਦਾ ਹੈ, ਜਿਹੜਾ ਬਿਗਲਾਂ ਤੇ ਨਗਾਰਿਆਂ ਦੀ ਆਵਾਜ਼ ਪੈਦਾ ਕਰਕੇ ਕਿਸੇ ਹੋਰ ਨੂੰ ਸੁਣਨ ਨਹੀਂ ਦਿੱਤਾ ਜਾਂਦਾ, ਮੁੰਡੇ ਨੂੰ ਵੀ ਇਹ ਮੰਤਰ ਕਿਸੇ ਨੂੰ ਦੱਸਣ ਦਾ ਹੱਕ ਨਹੀਂ । ਇਸ ਪਿੱਛੋਂ ਮੁੰਡੇ ਨੂੰ ਪਿੰਡ ਵਿੱਚੋਂ ਖੈਰ ਮੰਗ ਕੇ ਲਿਆਉਣ ਦਾ ਹੁਕਮ ਦਿੰਦਾ ਹੈ । ਮੁੰਡਾ ਇਹ ਖੈਰ ਦੇ ਪੈਸੇ ਪੁਜਾਰੀ ਨੂੰ ਭੇਂਟ ਕਰਦਾ ਹੈ ਤਾਂ ਇਸ ਦੇ ਬਦਲੇ ਵਿਚ ਪੁਜਾਰੀ ਮੁੰਡੇ ਨੂੰ ਜਨੇਊ ਪਹਿਨਾਉਦਾ ਹੈ ।

ਜਨੇਊ ਬਨਾਉਣ ਲਈ ਖਾਸ ਸਾਵਧਾਨੀਆਂ ਵਰਤੀਆਂ ਜਾਂਦੀਆਂ ਹਨ । ਜਨੇਊ ਵਾਸਤੇ ਸੱਜਰੀ ਕਪਾਹ ਚੁਗੀ ਜਾਂਦੀ ਹੈ ਤੇ ਇਸ ਕਪਾਹ ਨੂੰ ਅਗਸਤ ਦੇ ਮਹੀਨੇ ਕਿਸੇ ਸੁਹਾਗਣ ਬ੍ਰਾਹਮਣੀ ਦੁਆਰਾ ਤੇਰਸ ਵਾਲੇ ਦਿਨ ਕੱਤਿਆ ਜਾਂਦਾ ਹੈ । ਜਨੇਊ ਪਹਿਨਣ ਵਾਲੇ ਲਈ ਕਈ ਪਰਹੇਜ਼ ਹਨ ਜਿਵੇਂ ਟੱਟੀ ਪਿਸ਼ਾਬ ਸਮੇਂ ਉਹ ਇਸ ਨੂੰ ਕੰਨ ਤੇ ਟੰਗ ਕੇ ਬੈਠਦਾ ਹੈ । ਹਰ ਰੋਜ਼ ਸਵੇਰੇ ਪਿੱਪਲ ਨੂੰ ਪਾਣੀ ਦਿੱਤਾ ਜਾਂਦਾ ਹੈ ਜੋ ਪਿੱਤਰਾਂ ਨੂੰ ਪੁੱਜਦਾ ਮੰਨਿਆ ਜਾਂਦਾ ਹੈ । ਮਨੂੰ ਸਿਮਰਤੀ ਅਨੁਸਾਰ ਬ੍ਰਾਹਮਣ ਦਾ ਜਨੇਊ ਤੀਹਰੇ ਧਾਗੇ ਦਾ, ਕਸ਼ਤਰੀ ਦਾ ਦੂਹਰੇ ਧਾਗੇ ਦਾ, ਵੈਸ਼ ਦਾ ਇਕਹਿਰੇ ਧਾਗੇ ਦਾ ਤੇ ਸ਼ੂਦਰ ਜਨੇਊ ਨਹੀਂ ਸੀ ਪਹਿਨ ਸਕਦਾ । ਬ੍ਰਾਹਮਣ ਬਸੰਤ ਰੁਤ ਵਿਚ, ਕਸ਼ਤਰੀ ਗਰਮੀ ਵਿਚ ਤੇ ਵੈਸ਼ ਸਰਦ ਰੁਤ ਵਿਚ ਜਨੇਊ ਪਹਿਨਦਾ ਸੀ ।

ਸਿੱਖ ਧਰਮ ਵਿਚ ਧਰਮ ਪ੍ਰਵੇਸ਼ ਸੰਸਕਾਰ ਅੰਮ੍ਰਿਤ ਛੱਕਣ ਉਪਰੰਤ ਸੰਪੂਰਨ ਹੁੰਦਾ ਹੈ । ਅੰਮ੍ਰਿਤ ਦੀ ਦਾਤ ਅਭਿਲਾਖੀ ਨੂੰ ਉਸ ਦੀ ਇੱਛਾ ਅਨੁਸਾਰ ਛਕਾਈ ਜਾਂਦੀ ਹੈ । ਇਸ ਸਬੰਧੀ ਉਮਰ ਦੀ ਕੋਈ ਖਾਸ ਪਾਬੰਦੀ ਨਹੀਂ । ਇਸ ਸੰਸਕਾਰ ਨੂੰ ਪੰਜ ਰਹਿਤਵਾਨ ਸਿੰਘਾਂ ਦੁਆਰਾ ਪੰਜ ਬਾਣੀਆਂ ਦਾ ਪਾਠ ਕਰਨ ਉਪਰੰਤ ਪਵਿੱਤਰ ਕੀਤਾ ਜਲ ਅਭਿਲਾਖੀ ਨੂੰ ਛਕਾਇਆ ਜਾਂਦਾ ਹੈ । ਇਸ ਰਸਮ ਦਾ ਆਰੰਭ 1699 ਈ: ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤਾ ਗਿਆ ਸੀ । ਜਦੋਂ ਗੁਰੂ ਜੀ ਦੇ ਕਹਿਣ ਤੇ ਪੰਜ ਪਿਆਰਿਆਂ ਨੇ ਆਪਣੇ ਸੀਸ ਭੇਂਟ ਕਰ ਦਿੱਤੇ ਸਨ ਤਾਂ ਗੁਰੂ ਜੀ ਨੇ ਉਹਨਾਂ ਨੂੰ ਨਵਾ ਜੀਵਨ ਖਾਲਸੇ ਦਾ ਬਖਸ਼ਿਆ । ਉਦੋਂ ਤੋਂ ਅੱਜ ਤੱਕ ਅੰਮ੍ਰਿਤ ਦੀ ਦਾਤ ਬਖਸ਼ਣ ਸਮੇਂ ਕਿਹਾ ਜਾਂਦਾ ਹੈ ਕਿ ਤੁਹਾਡਾ ਨਵਾ ਜੀਵਨ ਸ਼ੁਰੂ ਹੋਇਆ ।

ਹਰ ਧਰਮ ਵਿੱਚ ਜਵਾਨੀ ਵਿੱਚ ਪੈਰ ਧਰਦੇ ਬੱਚੇ ਨੂੰ ਉਦੋਂ ਤਕ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ ਜਦੋਂ ਤੱਕ ਉਹ ਧਰਮ ਪ੍ਰਵੇਸ਼ ਸਬੰਧੀ ਸੰਸਕਾਰਾਂ ਨੂੰ ਪੂਰਾ ਕਰਕੇ ਆਪਣੇ ਸਮਾਜਿਕ ਜੀਵਨ ਉਤੇ ਧਰਮ ਦੀ ਮੋਹਰ ਨਹੀਂ ਲਗਵਾ ਲੈਂਦਾ । ਇਹਨਾਂ ਧਰਮ ਪ੍ਰਵੇਸ਼ ਸੰਸਕਾਰਾਂ ਨੂੰ ਅਪਨਾਉਣ ਪਿਛੋਂ ਅਜਿਹੇ ਸੰਸਕਾਰ ਕੀਤੇ ਜਾਂਦੇ ਹਨ ਜਿਵੇਂ ਬੱਚੇ ਨੂੰ ਉਠਾਇਆ ਜਾਂਦਾ ਹੈ ਤੇ ਕੁਝ ਰਸਮਾਂ ਕੀਤੀਆਂ ਜਾਂਦੀਆਂ ਹਨ । ਸਾਰੇ ਧਰਮ ਪ੍ਰਵੇਸ਼ ਸੰਸਕਾਰਾਂ ਤੋਂ ਆਮ ਤੌਰ ਤੇ ਅਜਿਹਾ ਹੀ ਪ੍ਰਭਾਵ ਲਿਆ ਜਾਂਦਾ ਹੈ ਕਿ ਇਸ ਦਾ ਪਿਛਲਾ ਜਨਮ ਖਤਮ ਹੋਇਆ ਤੇ ਨਵੇਂ ਜਨਮ ਦੀ ਸ਼ੁਰੂਆਤ ਹੋਈ । ਭਾਵੇ ਹਰ ਧਰਮ ਜਾਂ ਕਬੀਲੇ ਦੇ ਆਪਣੇ ਆਪਣੇ ਸੰਸਕਾਰ ਹਨ ਪਰ ਸਭ ਮੌਤ ਤੇ ਪੁਨਰਜਨਮ ਦਾ ਪ੍ਰਭਾਵ ਦਿੰਦੇ ਹਨ, ਮੁੰਡੇ ਜਾਂ ਕੁੜੀ ਨੂੰ ਸਮਾਜ ਵਲੋਂ ਧਾਰਮਿਕ ਮਾਨਤਾ ਪ੍ਰਾਪਤ ਹੋ ਜਾਂਦੀ ਹੈ ਤੇ ਇਸ ਦਿਨ ਤੋਂ ਧਾਰਮਿਕ ਪੈਗੰਬਰ ਰਾਖਾ ਸਮਝਿਆ ਜਾਂਦਾ ਹੈ ਜਿਸ ਧਰਮ ਦੇ ਸੰਸਕਾਰ ਉਸ ਨੇ ਪੂਰੇ ਕੀਤੇ ਹੁੰਦੇ ਹਨ । ਜਨਮ ਅਤੇ ਧਰਮ ਪ੍ਰਵੇਸ਼ ਸੰਸਕਾਰ ਜਿਥੇ ਮਨੁੱਖ ਦੀ ਸਮਾਜ ਵਿਚ ਪਦਵੀ ਨਿਸ਼ਚਿਤ ਕਰਦੇ ਹਨ ਉਥੇ ਉਸ ਦੀ ਸਮਾਜ ਵਿਚ ਮਾਨਤਾ ਅਤੇ ਅਗਲੇ ਜਹਾਨ ਦਾ ਰਿਸ਼ਤਾ ਵੀ ਜੋੜਦੇ ਹਨ ਕਿਉਂਕਿ ਧਾਰਮਿਕ ਸੰਸਕਾਰ ਸੰਪੂਰਨ ਕਰਨ ਬਿਨਾਂ ਨਾ ਇਸ ਸੰਸਾਰ ਵਿਚ ਢੋਈ ਮਿਲਦੀ ਹੈ ਤੇ ਨਾ ਅਗਲੇ ਜਹਾਨ ਵਿਚ ; ਅਜਿਹਾ ਧਰਮੀ ਲੋਕਾਂ ਦਾ ਵਿਸ਼ਵਾਸ ਹੈ ।

ਪਾਠ ਨੰ: 2.4

# ਮਿਰਤਕ ਸੰਸਕਾਰ

ਸੰਸਕਾਰਾਂ ਦੇ ਹੋਂਦ ਵਿਚ ਆਉਣ ਅਤੇ ਇਹਨਾਂ ਦੇ ਮਨੁੱਖੀ ਜੀਵਨ ਦਾ ਅੰਗ ਬਨਣ ਦੀ ਪ੍ਰਕ੍ਰਿਆ ਬਾਰੇ ਪਿਛਲੇ ਪਾਠਾਂ ਵਿਚ ਚਰਚਾ ਕੀਤੀ ਜਾ ਚੁੱਕੀ ਹੈ । ਇਸ ਪਾਠ ਵਿਚ ਮਨੁੱਖੀ ਜੀਵਨ ਦੀ ਅਟੱਲ ਸਚਾਈ ਅਤੇ ਅਹਿਮ ਵਰਤਾਰੇ ਮੌਤ ਨਾਲ ਸਬੰਧੀ ਸੰਸਕਾਰਾਂ ਉਪਰ ਧਿਆਨ ਕੇਂਦਰਿਤ ਕਰ ਦਿਆਂ ਹੋਇਆਂ ਵੱਖ-ਵੱਖ ਸਮਿਆਂ ਵਿਚ ਇਸ ਵਰਤਾਰੇ ਸਬੰਧੀ ਪ੍ਰਚੱਲਿਤ ਸੰਸਕਾਰਾਂ ਸਬੰਧੀ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ । ਇਸ ਚਰਚਾ ਦਾ ਘੇਰਾ ਵੱਖ-ਵੱਖ ਧਰਮਾਂ ਦੇ ਨਾਲ ਸਬੰਧਿਤ ਲੋਕਾਂ ਦੀ ਇਹਨਾਂ ਸੰਸਕਾਰਾਂ ਸਬੰਧੀ ਕਾਰਜ ਸ਼ੈਲੀ ਨੂੰ ਬਿਆਨ ਕਰਦਿਆ ਹੋਇਆ ਵਿਸਤਰਤ ਰੱਖਿਆ ਗਿਆ ਹੈ ।

ਆਦਿ ਕਾਲ ਤੋਂ ਮਨੁੱਖ ਲਈ ਮੌਤ ਇਕ ਅਹਿਮ ਰਹੱਸ ਸੀ । ਜਿਥੇ ਜਨਮ ਇਕ ਅਦਭੁਤ ਘਟਨਾ ਮੰਨੀ ਜਾਂਦੀ, ਉਥੇ ਮੌਤ ਇਸ ਤੋਂ ਵੀ ਅਹਿਮ ਕਿਉਂਕਿ ਜਨਮ ਨਾਲ ਜਿਥੇ ਦਿਸਦੇ ਸੰਸਾਰ ਨਾਲ ਰਿਸ਼ਤਾ ਜੁੜਦਾ, ਉਥੇ ਮਰਨ ਨਾਲ ਅਗਲੇ ਸੰਸਾਰ ਭਾਵ ਸਵਰਗ ਲੋਕ ਨਾਲ । ਸ਼ੁਰੂ ਤੋਂ ਹੀ ਜਨਮ ਤੇ ਇਸ ਤੋਂ ਪਿਛੋਂ ਮੌਤ, ਮਨੁੱਖ ਇਸ ਰਹੱਸ ਨੂੰ ਸਮਝਣ ਲਈ ਹਮੇਸ਼ਾਂ ਹੀ ਯਤਨਸ਼ੀਲ ਰਿਹਾ । ਪਰ ਮੌਤ ਦਾ ਰਹੱਸ ਜੀਵਨ ਦੇ ਰਹੱਸ ਨਾਲੋਂ ਵੱਧ ਅਚੰਭੇਜਨਕ ਸੀ ਕਿਉਂਕਿ ਇਸ ਨਾਲ ਜੀਵਨ ਦਾ ਅੰਤ ਹੋ ਜਾਂਦਾ ਹੈ । ਇਸ ਲਈ ਇਸ ਨੂੰ ਮਨੁੱਖ ਦੀ ਸਭ ਤੋਂ ਵੱਡੀ ਦੁਸ਼ਮਣ ਮੰਨਿਆ ਜਾਂਦਾ ਹੈ । ਪਰ ਮਿੱਥ ਕਲਪਨਾਵਾਂ ਅਨੁਸਾਰ ਪਰਮਾਤਮਾ ਦੇ ਦਰ ਤੇ ਪਰਵੇਸ਼ ਕਰਨ ਦਾ ਰਸਤਾ ਮੌਤ ਹੀ ਹੈ ਕਿਉਂਕਿ ਮਰਨ ਉਪਰੰਤ ਹੀ ਮਨੁੱਖੀ ਆਤਮਾ ਪਰਮਾਤਮਾ ਦੇ ਦਰ ਤੇ ਪ੍ਰਵੇਸ਼ ਕਰਦੀ ਹੈ ਤੇ ਉਸ ਨੂੰ ਆਪਣੇ ਚੰਗੇ ਮਾੜੇ ਕਰਮਾਂ ਦਾ ਲੇਖਾ ਦੇਣਾ ਪੈਦਾ ਹੈ । ਇਸ ਤਰ੍ਹਾਂ ਧਰਤੀ ਉਤੇ ਮਨੁੱਖੀ ਜੀਵਨ ਦਾ ਅੰਤ ਮੌਤ ਹੈ ਤੇ ਸਵਰਗ ਉਤਲੇ ਜੀਵਨ ਦਾ ਇਹ ਆਰੰਭ ਹੈ । ਇਸ ਲਈ ਧਰਤੀ ਉਤਲਾ ਮਨੁੱਖੀ ਜੀਵਨ ਮਿਥਿਆ ਮੰਨ ਕੇ ਜੀਵਨ ਭਰ ਦੀ ਕੀਤੀ ਹੋਈ ਕਮਾਈ ਦੀ ਕੋਈ ਸਾਰਥਿਕਤਾ ਨਹੀਂ । ਅਸਲ ਸਾਰਥਿਕ ਕਮਾਈ ਤਾਂ ਉਹ ਹੈ ਜੋ ਤੁਹਾਨੂੰ ਅਗਲੇ ਜਹਾਨ ਵਿਚ ਪ੍ਰਾਪਤ ਹੋਣੀ ਹੈ, ਇਸ ਲਈ ਮਨੁੱਖ ਉਸ ਕਮਾਈ ਦਾ ਅਸਲ ਹੱਕਦਾਰ ਹੈ । ਇਹੀ ਕਾਰਨ ਹੈ ਕਿ ਆਦਿ ਕਾਲ ਤੋਂ ਜੀਵਨ ਸਬੰਧੀ ਜੋ ਫੈਸਲੇ ਲਏ ਗਏ ਉਹ ਮੌਤ ਨੂੰ ਸਾਹਮਣੇ ਰੱਖ ਕੇ ਲਏ ਗਏ । ਮੌਤ ਨੂੰ ਭੁਲਣਾ ਉਲਾਰ ਬਿਰਤੀ ਹੈ, ਜੋ ਕਿ ਹੰਕਾਰ ਦੇ ਤੁਲ ਹੈ ਕਿਉਂਕਿ ਮਨੁੱਖ ਤਾਂ ਇਸ ਸੰਸਾਰ ਵਿਚ ਕੁਝ ਦਿਨ ਦਾ ਮਹਿਮਾਨ ਬਣ ਕੇ ਆਇਆ ਹੈ । ਇਸ ਕਰਕੇ ਜੀਵਨ ਨੂੰ ਸੁਪਨੇ ਨਾਲ ਤੁਲਨਾ ਕੀਤੀ ਜਾਂਦੀ ਹੈ ਤੇ ਮੌਤ ਉਪਰੰਤ ਸਦਾ ਲਈ ਥਾਂ ਨਿਸ਼ਚਿਤ ਹੋਣਾ ਹੈ । ਜੀਵਨ ਫਿਰ ਮੌਤ ਫਿਰ ਜੀਵਨ ਇਹ ਚੱਕਰ ਚਲਦਾ ਰਹਿੰਦਾ ਹੈ । ਇਸ ਲਈ ਮੌਤ ਨੂੰ ਨਵਾਂ ਜੀਵਨ ਮੰਨਿਆ ਜਾਂਦਾ ਹੈ ਕਿਉਂਕਿ ਜੀਵਨ ਦੌਰਾਨ ਨਵਾ ਜੀਵਨ ਸੰਭਵ ਨਹੀਂ ।

ਪੁਨਰ ਜਨਮ ਦਾ ਵਿਸਥਾਰ ਆਦਿ ਕਾਲ ਤੋਂ ਮਨੁੱਖ ਵਿਚ ਪਾਇਆ ਜਾਂਦਾ ਹੈ ਕਿਉਂਕਿ ਖੁਦਾਈ ਦੌਰਾਨ ਜੋ ਹਜ਼ਾਰਾਂ ਸਾਲਾਂ ਪੁਰਾਣੀਆਂ ਕਬਰਾਂ ਮਿਲੀਆਂ ਹਨ ਉਨ੍ਹਾਂ ਵਿਚ ਮਿਰਤਕ ਸਰੀਰ ਨਾਲ ਕੁਝ ਸੰਦ ਆਦਿ ਵੀ ਰੱਖੇ ਮਿਲੇ ਹਨ ਜਿਸ ਦਾ ਭਾਵ ਹੈ ਕਿ ਪੁਰਾਤਨ ਮਨੁੱਖ ਪੁਨਰ ਜਨਮ ਵਿਚ ਵਿਸ਼ਵਾਸ ਰੱਖਦਾ ਸੀ ਤੇ ਉਹ ਮੌਤ ਤੇ ਨੀਦ ਨੂੰ ਇਕ ਹੀ ਚੀਜ਼ ਮੰਨਦਾ ਹੋਇਆ ਮੌਤ ਨੂੰ ਲੰਬੀ ਨੀਦ ਸਮਝਦਾ ਸੀ ।ਉਸ ਦਾ ਵਿਚਾਰ ਸੀ ਕਿ ਨੀਦ ਖੁਲ੍ਹਣ ਉਪਰੰਤ ਪ੍ਰਾਣੀ ਆਪਣੇ ਔਜਾਰਾਂ ਦੀ ਮੁੜ ਵਰਤੋਂ ਕਰ ਸਕੇਗਾ । ਨੀਦ ਵਿਚ ਸੁਪਨੇ ਸਮੇਂ ਜਿਵੇਂ ਮਨੁੱਖੀ ਆਤਮਾ ਦੂਰ ਦੂਰ ਮੰਡਰਾ ਕੇ ਮੁੜ ਸਰੀਰ ਵਿਚ ਪ੍ਰਵੇਸ਼ ਕਰ ਜਾਂਦੀ ਹੈ ਇਸੇ ਤਰ੍ਹਾਂ ਮਰਨ ਉਪਰੰਤ ਜਿਸ ਨੂੰ ਲੰਮੀ ਨੀਂਦ ਸਮਝਿਆ ਜਾਂਦਾ ਸੀ ਮਨੁੱਖੀ ਆਤਮਾ ਮੁੜ ਸਰੀਰ ਵਿਚ ਵਾਪਸ ਆ ਸਕਦੀ ਸੀ ।

ਮਿਰਤਕ ਸੰਸਕਾਰ ਮਨੁੱਖ ਦੇ ਸਵਾਸ ਤਿਆਗਣ ਨਾਲ ਸ਼ੁਰੂ ਹੁੰਦੇ ਸਨ ਤੇ ਹਿੰਦੂ ਧਰਮ ਵਿੱਚ ਇਹਨਾਂ ਅੰਤਲੀਆਂ ਰੀਤਾਂ ਦੇ ਸਮੂਹ ਨੂੰ 'ਅੰਤੇਸਟੀ' ਸੰਸਕਾਰ ਵੀ ਕਿਹਾ ਜਾਂਦਾ ਹੈ ਜੋ ਪ੍ਰਾਣੀ ਦੀ ਮੌਤ ਉਪਰੰਤ ਉਸ ਦੇ ਵਾਰਸਾਂ ਨੇ ਕਰਨਾ ਹੁੰਦਾ ਹੈ । ਇਹਨਾਂ ਰੀਤਾਂ ਦਾ ਭਾਵ ਕੇਵਲ ਇਹ ਮੰਨਿਆ ਜਾਂਦਾ ਹੈ ਕਿ ਮਰਨ ਵਾਲੇ ਪ੍ਰਾਣੀ ਦਾ ਭਵਿੱਖ (ਪ੍ਰਲੋਕ ਦਾ ਜੀਵਨ) ਚੰਗਾ ਹੋਵੇ ਅਤੇ ਪਿੱਛੇ ਬਾਕੀ ਰਹੇ ਪਰਿਵਾਰ ਤੇ ਮਿੱਤਰਾਂ ਨੂੰ ਸ਼ਾਂਤੀ ਰਹੇ । ਇਹ ਮੰਨਿਆ ਜਾਂਦਾ ਕਿ ਜੇ ਇਹ ਸੰਸਕਾਰ ਪੂਰਨ ਮਰਿਆਦਾ ਮੁਤਾਬਕ ਨਾ ਨਿਭਾਏ ਤਾਂ ਮਿਰਤਕ ਪ੍ਰਾਣੀ ਦੀ ਆਤਮਾ ਨੂੰ ਸ਼ਾਂਤੀ ਨਹੀਂ ਮਿਲੇਗੀ ਤੇ ਉਹ

ਪਰਿਵਾਰ ਤੇ ਬਾਕੀ ਮੈਬਰਾਂ ਨੂੰ ਸਤਾ ਸਕਦੀ ਹੈ । ਇਸ ਲਈ ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਜਨਮ ਪਿਛੋਂ ਦੇ ਸੰਸਕਾਰਾਂ ਰਾਹੀ ਮਨੁੱਖ ਧਰਤੀ ਨੂੰ ਜਿਤਦਾ ਹੈ ਤੇ ਮਿਰਤੂ ਪਿਛੋਂ ਸੰਸਕਾਰਾਂ ਰਾਹੀਂ ਅਗਲੇ ਸੰਸਾਰ ਨੂੰ ।

ਮੌਤ ਦਾ ਡਰ, ਸਬੰਧੀਆਂ ਨੂੰ ਤਸੱਲੀ ਦੀ ਲੋੜ ਤੇ ਸਭ ਲਈ ਮੌਤ ਨੂੰ ਜੀਵਨ ਦਾ ਇਕ ਕੁਦਰਤੀ ਨਤੀਜਾ ਸਮਝਣਾ ਆਦਿਕ ਵਿਚਾਰਾਂ ਦੇ ਅਧੀਨ ਹੀ ਇਹਨਾਂ ਸੰਸਕਾਰਾਂ ਦਾ ਜਨਮ ਤੇ ਵਿਕਾਸ ਹੋਇਆ । ਬੋਧਾਇਨ ਦਾ ਇਕ ਸੂਤਰ ਹੈ ਕਿ ਜੋ ਜਨਮਿਆ ਹੈ ਉਸ ਨੇ ਹਰ ਹਾਲਤ ਵਿਚ ਮਰਨਾ ਹੈ, ਜੀਵ ਅਣਡਿੱਠ ਵਿਚੋਂ ਆਉਂਦਾ ਹੈ ਤੇ ਮੌਤ ਨਾਲ ਅਣਡਿੱਠ ਵਿਚ ਹੀ ਚਲਾ ਜਾਂਦਾ ਹੈ । ਇਸ ਕਰਕੇ ਜਨਮ ਤੇ ਮੌਤ ਨੂੰ ਇਕੋ ਸਮਝਿਆ ਗਿਆ ਹੈ । ਗੁਰੂ ਗ੍ਰੰਥ ਸਾਹਿਬ ਵਿਚ ਇਸ ਸਬੰਧੀ ਫੁਰਮਾਨ ਹੈ :

"ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ।"

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 472)

ਇਸੇ ਲਈ ਹੀ ਲੋਕ ਗੁਜ਼ਰੇ ਪ੍ਰਾਣੀ ਦੇ ਸਬੰਧੀਆਂ ਤੇ ਮਿੱਤਰਾਂ ਨਾਲ ਹਮਦਰਦੀ ਕਰਦੇ ਹਨ ਤੇ ਉਸਦੀ ਆਤਮਾ ਦੀ ਸ਼ਾਤੀ ਲਈ ਅਰਦਾਸਾਂ ਕਰਦੇ ਹਨ । ਉਹ ਇਹ ਵੀ ਮੰਨਦੇ ਹਨ ਕਿ ਮਰ ਚੁਕਾ ਪ੍ਰਾਣੀ ਆਵਾਗੌਣ ਤੋਂ ਬਚੇ ਅਤੇ ਦੇਵਤਿਆਂ ਵਿਚ ਉਸ ਦਾ ਵਾਸਾ ਹੋਵੇ, ਜਿਥੇ ਉਹ ਸਦਾ ਪ੍ਰਸੰਨ ਰਹੇ ।

ਮਿਰਤਕ ਸੰਸਕਾਰ ਹਰ ਧਰਮ, ਮਜ਼ਹਬ ਤੇ ਕਬੀਲੇ ਵਿਚ ਭਿੰਨ ਭਿੰਨ ਪਾਏ ਜਾਂਦੇ ਹਨ । ਪਰ ਮਕਸਦ ਸਭ ਦਾ ਇਕੋ ਹੈ ਕਿ ਮ੍ਰਿਤਕ ਪ੍ਰਾਣੀ ਦੀ ਆਤਮਾ ਨੂੰ ਸ਼ਾਂਤੀ ਮਿਲੇ ਤੇ ਉਸ ਦਾ ਅਗਲੇ ਸੰਸਾਰ ਦਾ ਭਵਿੱਖ ਉਜਲਾ ਰਹੇ । ਪਿਛੇ ਬਚੇ ਬਾਕੀ ਪਰਿਵਾਰ ਨੂੰ ਉਸ ਦੀ ਆਤਮਾ ਸਤਾਵੇ ਨਾ । ਮੁਸਲਮਾਨਾਂ ਤੇ ਈਸਾਈਆਂ ਵਿਚ ਮੁਰਦੇ ਨੂੰ ਦਫਨ ਕਰਨ ਦੀ ਰੀਤ ਹੈ । ਹਿੰਦੂਆਂ ਅਤੇ ਸਿੱਖਾਂ ਵਿਚ ਅਗਨੀ ਭੇਟਾ ਕੀਤਾ ਜਾਂਦਾ ਹੈ । ਪਾਰਸੀ ਲੋਕ ਨਾ ਮੁਰਦੇ ਨੂੰ ਦਬਦੇ ਹਨ ਤੇ ਨਾ ਹੀ ਫੂਕਦੇ ਹਨ ਸਗੋਂ ਉਚੇ ਮੁਨਾਰਿਆਂ ਜਿਸ ਨੂੰ 'ਟਾਵਰ ਆਫ ਸਾਈਲੈਂਸ' ਆਖਦੇ ਹਨ ਉਤੇ ਮੁਰਦੇ ਨੂੰ ਰੱਖ ਦਿੰਦੇ ਹਨ, ਜਿਥੇ ਗਿਰਝਾਂ ਉਸ ਨੂੰ ਖਾ ਜਾਂਦੀਆਂ ਹਨ ਤੇ ਹੱਡੀਆਂ ਹੇਠ ਖੂਹ ਵਿਚ ਜਾ ਪੈਂਦੀਆਂ ਹਨ ।

ਅੰਡੇਮਾਨ ਦੇ ਟਾਪੂਆਂ ਵਿਚ ਨਗ੍ਰੀਟੋ ਮੁਰਦੇ ਨੂੰ ਦੱਬ ਕੇ ਉਸੀ ਸਮੇਂ ਕੰਮ ਧੰਦੇ ਵਿਚ ਲਗ ਜਾਂਦੇ ਹਨ । ਕੋਈ ਸੋਗ ਤੇ ਛੂਤ ਨਹੀਂ ਮਨਾਉਂਦੇ ਤੇ ਨਾ ਕਿਸੇ ਦੀ ਕੋਈ ਯਾਦ ਮਨਾਉਂਦੇ ਹਨ ।

ਦੱਖਣੀ ਭਾਰਤ ਦਾ ਇਕੋ ਹੋਰ ਕਬੀਲਾ ਟ੍ਰਾਵਨਕੋਰ ਦੇ ਨੇੜੇ ਰਹਿਣ ਵਾਲਾ ਮਾਲਾਪਾਤ੍ਰਮ ਨਾਂ ਦਾ ਹੈ । ਇਸ ਕਬੀਲੇ ਵਿਚ ਜਦੋਂ ਵੀ ਕੋਈ ਮਰੇ ਉਸਨੂੰ ਉਥੇ ਹੀ ਦੱਬ ਕੇ ਆਪ ਅੱਗੇ ਤੁਰ ਪੈਂਦੇ ਹਨ ।

ਉੜੀਸਾ ਦੀਆਂ ਪਹਾੜੀਆਂ ਵਿਚ ਸਵਾਰ ਨਾਂ ਦਾ ਇਕ ਕਬੀਲਾ ਹੈ । ਇਹ ਮ੍ਰਿਤਕ ਨੂੰ ਸਾੜਦੇ ਹਨ, ਤੇ ਇਕ ਕੱਚ ਦਾ ਘਰ ਉਸ ਦੀ ਰੂਹ ਦੇ ਰਹਿਣ ਲਈ ਬਣਾਉਂਦੇ ਹਨ । ਰੂਹ ਦੇ ਆਪਣੇ ਬਜ਼ੁਰਗਾਂ ਨੂੰ ਮਿਲਣ ਜਾਣ ਲਈ ਰੁਖਾਂ ਦੇ ਝੁੰਡਾਂ ਵਿਚੋਂ ਦੀ ਇਕ ਰਾਹ ਵੀ ਬਣਾ ਦਿੰਦੇ ਹਨ ।

ਸਮੁੰਦਰੀ ਜਹਾਜ਼ ਵਿਚ ਜਦੋਂ ਕੋਈ ਮਰ ਜਾਏ ਤਾਂ ਸਾਰੇ ਮੁਸਾਫਰ ਇਕੱਠੇ ਹੋ ਕੇ ਦੋ ਮਿੰਟ ਲਈ ਚੁਪ ਕਰਕੇ ਉਸ ਦੀ ਰੂਹ ਲਈ ਭਲਾ ਮੰਗਦੇ ਹਨ ਤੇ ਫਿਰ ਚਾਰ ਆਦਮੀ ਮੁਰਦੇ ਸਰੀਰ ਨੂੰ ਸਮੁੰਦਰ ਵਿਚ ਸੁੱਟ ਦਿੰਦੇ ਹਨ ਤੇ ਸਾਰੇ ਆਪੋ ਆਪਣੇ ਕੰਮ ਵਿਚ ਲਗ ਪੈਂਦੇ ਹਨ ।

ਪ੍ਰਿੰਸੀਪਲ ਆਰ. ਬੀ. ਪਾਂਡੇ ਆਪਣੇ ਇਕ ਲੇਖ ਹਿੰਦੂ ਸੰਸਕਾਰ ਵਿਚ (ਕਲਚਰਲ ਹੈਰੀਟੇਜ ਆਫ਼ ਇੰਡੀਆ, ਪੰਨਾ 413, ਜਿਲਦ 2) ਲਿਖਦੇ ਹਨ ਕਿ ਸਾਡਾ ਵਿਚਾਰ ਹੈ ਕਿ ਬਹੁਤ ਸਾਰੇ ਸੰਸਕਾਰ ਭੂਗੋਲਿਕ ਤੇ ਸਥਾਨਕ ਹਾਲਾਤ ਅਨੁਸਾਰ ਚਲ ਪੈਂਦੇ ਹਨ । ਜਿਥੇ ਆਮ ਸੁੱਕੀ ਲੱਕੜ ਮਿਲ ਜਾਂਦੀ, ਉਥੇ ਦਾਹ ਸੰਸਕਾਰ ਕਰ ਦਿੱਤਾ ਜਾਂਦਾ, ਜਿਥੇ ਵੱਡੇ ਦਰਿਆ ਤੇ ਸਮੁੰਦਰ ਸਨ ਉਥੇ ਜਲ ਪ੍ਰਵਾਹ ਕਰ ਦਿੱਤਾ ਜਾਂਦਾ । ਜਿਥੇ ਇਹ ਦੋਵੇਂ ਹੀ ਨਹੀਂ ਸਨ ਉਥੇ ਦਫਨ ਦਾ ਰਿਵਾਜ ਚਲ ਪਿਆ ਤੇ ਸਮਾਂ ਪਾ ਕੇ ਇਹਨਾਂ ਨੂੰ ਧਾਰਮਿਕ ਪ੍ਰਵਾਨਤਾ ਮਿਲ ਜਾਂਦੀ ਹੈ ।

**ਹਿੰਦੂ ਧਰਮ**

ਹਿੰਦੂ ਧਰਮ ਵਿਚ ਮੌਤ ਦੇ ਸੰਸਕਾਰ ਨੂੰ ਅੰਤੇਸ਼ਟੀ ਸੰਸਕਾਰ ਕਿਹਾ ਜਾਂਦਾ ਹੈ। ਇਸ ਸੰਸਕਾਰ ਵਿਚ ਪਰਿਵਾਰ ਵਾਲੇ ਮ੍ਰਿਤਕ ਵਿਅਕਤੀ ਲਈ ਕੁਝ ਰਸਮਾਂ ਨਿਭਾਉਂਦੇ ਹਨ ਤਾਂ ਕਿ ਉਸ ਨੂੰ ਪ੍ਰਲੋਕ

ਵਿਚ ਸ਼ਾਂਤੀ ਅਤੇ ਕੁਝ ਸੁੱਖ ਸੁਵਿਧਾਵਾਂ ਪ੍ਰਾਪਤ ਹੋ ਜਾਣ। ਹਿੰਦੂ ਧਰਮ ਵਿਚ ਇਹ ਸਮਝਿਆ ਜਾਂਦਾ ਹੈ ਕਿ ਮਰਨ ਤੋਂ ਬਾਅਦ ਵਿਅਕਤੀ ਪਿਤਰ ਲੋਕ ਵਿਚ ਚਲਾ ਜਾਂਦਾ ਹੈ। ਪਿਤਰ ਲੋਕ ਨੂੰ ਇਸ ਲੋਕ ਦਾ ਪ੍ਰਤੀਰੂਪ ਮੰਨ ਕੇ ਮ੍ਰਿਤਕ ਵਿਅਕਤੀ ਲਈ ਉਹ ਸਭ ਕੁਝ ਕੀਤਾ ਜਾਂਦਾ ਹੈ ਜੋ ਉਸ ਨੂੰ ਉਸ ਲੋਕ ਵਿਚ ਸਹਾਈ ਸਿਧ ਹੋਵੇ। ਇਸ ਲੋਕ ਵਿਚ ਕੀਤੇ ਜਾਣ ਵਾਲੇ ਦਾਨ ਪੁੰਨ ਦਾ ਅਸਰ ਵੀ ਪਿਤਰ ਲੋਕ ਵਿਚ ਮੰਨਿਆ ਜਾਂਦਾ ਹੈ ਇਸ ਲਈ ਕੁਝ ਧਾਰਮਕ ਸੰਸਕਾਰਾਂ ਦਾ ਸਹਾਰਾ ਲੈ ਕੇ ਇਸ ਲੋਕ ਵਿਚ ਮ੍ਰਿਤਕ ਵਿਅਕਤੀ ਦੇ ਵਾਰਸ ਕੁਝ ਰਸਮਾਂ ਕਰਦੇ ਹਨ ਜਿਵੇਂ ਵਿਅਕਤੀ ਦੀ ਮੌਤ ਹੋਣ ਤੇ ਬ੍ਰਾਹਮਣ ਨੂੰ ਗਊ ਦਾਨ ਕਰਨਾ ਇਸ ਗੱਲ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਕਿ ਦਾਨ ਦਿੱਤੀ ਗਊ ਵਿਅਕਤੀ ਨੂੰ ਯਮ ਦੇ ਰਸਤੇ ਵਿਚ ਪੈਂਦੇ ਦਰਿਆ ਨੂੰ ਪਾਰ ਕਰਨ ਵਿਚ ਸਹਾਈ ਹੋਵੇਗੀ ਅਤੇ ਬ੍ਰਾਹਮਣਾਂ ਨੂੰ ਛਕਾਇਆ ਭੋਜਨ ਪਿਤਰਾਂ ਦੀ ਭੁੱਖ ਮਿਟਾਏਗਾ।

ਅੰਤੇਸ਼ਟੀ ਸੰਸਕਾਰ ਵਿਚ ਮ੍ਰਿਤਕ ਵਿਅਕਤੀ ਨੂੰ ਅਗਨ ਭੇਟ ਕਰਨ ਦੀ ਰਸਮ ਹਿੰਦੂ ਧਰਮ ਵਿਚ ਪ੍ਰਚਲਿਤ ਹੈ। ਇਹ ਰਸਮ, ਕੁਝ ਵਿਦਵਾਨਾਂ ਅਨੁਸਾਰ, ਇਸ ਲਈ ਕੀਤੀ ਜਾਂਦੀ ਹੈ ਤਾਂ ਕਿ ਵਿਅਕਤੀ ਮਰਨ ਤੋਂ ਬਾਅਦ ਆਪਣੇ ਵਾਰਸਾਂ ਜਾਂ ਹੋਰ ਰਿਸ਼ਤੇਦਾਰਾਂ ਨੂੰ ਤੰਗ ਨਾ ਕਰੇ। ਅਗਨ ਭੇਟ ਰਾਹੀਂ ਵਾਰਸਾਂ ਤੇ ਮ੍ਰਿਤਕ ਵਿਅਕਤੀ ਵਿਚਕਾਰ ਇਕ ਰੁਕਾਵਟ ਖੜ੍ਹੀ ਕੀਤੀ ਜਾਂਦੀ ਹੈ ਤਾਂ ਕਿ ਮਰਨ ਤੋਂ ਬਾਅਦ ਵਿਅਕਤੀ ਬੁਰੀਆਂ ਆਤਮਾਵਾਂ ਦੇ ਪ੍ਰਭਾਵ ਤੋਂ ਮੁਕਤ ਰਹੇ। ਇਹ ਮੰਨਿਆ ਜਾਂਦਾ ਹੈ ਕਿ ਮਰਨ ਤੋਂ ਬਾਅਦ ਵੀ ਵਿਅਕਤੀ ਦਾ ਧਿਆਨ ਦੁਨੀਆਂ ਅਤੇ ਦੁਨਿਆਵੀ ਵਸਤਾਂ ਵਿਚ ਲੱਗਿਆ ਰਹਿੰਦਾ ਹੈ। ਦੁਨੀਆਂ ਤੋਂ ਕੂਚ ਕਰਨ ਤੋਂ ਕੁਝ ਸਮਾਂ ਪਹਿਲਾਂ ਹੀ ਵਿਅਕਤੀ ਨੂੰ ਮੰਜੇ ਤੋਂ ਹੇਠਾਂ ਉਤਾਰ ਦਿੱਤਾ ਜਾਂਦਾ ਹੈ ਅਤੇ ਜੋ ਵਸਤਾਂ ਇਕ ਯਾਤਰੂ ਨੂੰ ਲੋੜੀਂਦੀਆਂ ਹਨ, ਉਹ ਮਰਨ ਵਾਲੇ ਵਿਅਕਤੀ ਨੂੰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਮੌਤ ਨੂੰ ਅਗਲੇ ਲੋਕ ਦੀ ਤਿਆਰੀ ਸਮਝਿਆ ਜਾਂਦਾ ਹੈ। ਜੇਕਰ ਮਰਨ ਵਾਲੇ ਵਿਅਕਤੀ ਦਾ ਕੋਈ ਵਾਰਸ ਨਾ ਹੋਵੇ ਜਾਂ ਮਰਨ ਵਾਲਾ ਛੋਟਾ ਬੱਚਾ ਹੋਵੇ ਤਾਂ ਜਲ ਪ੍ਰਵਾਹ ਕਰਨ ਦਾ ਵਿਧਾਨ ਵੀ ਹਿੰਦੂ ਧਰਮ ਵਿਚ ਪ੍ਰਚਲਤ ਹੈ। ਇਹ ਰਸਮ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਮਰਨ ਤੋਂ ਬਾਅਦ ਵਿਅਕਤੀ ਦਾ ਦੁਨਿਆਵੀ ਸਬੰਧ ਆਪਣੇ ਆਪ ਹੀ ਖਤਮ ਹੋ ਜਾਂਦਾ ਹੈ। ਬੱਚੇ ਦੇ ਸੰਦਰਭ ਵਿਚ ਇਹ ਕਿਹਾ ਜਾਂਦਾ ਹੈ ਕਿ ਬੱਚੇ ਦਾ ਅਜੇ ਦੁਨਿਆਵੀ ਸਬੰਧ ਕਾਇਮ ਹੀ ਨਹੀਂ ਹੋਇਆ ਇਸ ਕਰਕੇ ਪਰਿਵਾਰ ਨੂੰ ਕੋਈ ਖਤਰਾ ਨਹੀਂ ਜਾਪਦਾ। ਕਈ ਵਾਰੀ ਜਲ ਪ੍ਰਵਾਹ ਦੀ ਥਾਂ ਦਫਨਾਉਣ ਦੀ ਰਸਮ ਵੀ ਕੀਤੀ ਜਾਂਦੀ ਹੈ।ਜਦੋਂ ਕੋਈ ਵਿਅਕਤੀ ਮਰਨ ਦੇ ਨੇੜੇ ਹੁੰਦਾ ਹੈ ਤਾਂ ਉਸਨੂੰ ਭਗਵਦ ਗੀਤਾ ਅਤੇ ਰਮਾਇਣ ਦਾ ਪਾਠ ਸੁਣਾਇਆ ਜਾਂਦਾ ਹੈ। ਵਿਅਕਤੀ ਦੇ ਮੂੰਹ ਵਿਚ ਗੰਗਾ ਜਲ ਅਤੇ ਤੁਲਸੀ ਦੇ ਪੱਤੇ ਪਾਏ ਜਾਂਦੇ ਹਨ, ਮਰਨ ਤੋਂ ਬਾਅਦ ਵਿਅਕਤੀ ਨੂੰ ਨੁਹਾਇਆ ਜਾਂਦਾ ਹੈ ਅਤੇ ਸਮੂਹ ਕਪੜੇ ਉਤਾਰ ਕੇ ਨਵੇਂ ਕੱਪੜੇ ਪਾਏ ਜਾਂਦੇ ਹਨ। ਫੱਟਿਆਂ ਦਾ ਬਿਬਾਨ ਤਿਆਰ ਕਰਕੇ ਉਸਨੂੰ ਬਾਂਸ ਦੇ ਡੰਡਿਆਂ ਨਾਲ ਚੁਕਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮ੍ਰਿਤਕ ਵਿਅਕਤੀ ਨੂੰ ਉਸ ਬਿਬਾਨ ਤੇ ਲਿਟਾਇਆ ਜਾਂਦਾ ਹੈ ਅਤੇ ਪ੍ਰੋਹਿਤ ਦੁਆਰਾ ਮੰਤਰਾਂ ਦਾ ਉਚਾਰਣ ਕੀਤਾ ਜਾਂਦਾ ਹੈ। ਮ੍ਰਿਤਕ ਵਿਅਕਤੀ ਤੇ ਚਾਦਰ ਪਾਉਣ ਦੀ ਰਸਮ ਵੀ ਆਮ ਪ੍ਰਚਲਿਤ ਹੈ। ਇਸ ਨੂੰ ਨਵੇ ਂ ਲੋਕ ਵਿਚ ਜਾਣ ਦੀ ਤਿਆਰੀ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਸੇ ਕਰਕੇ ਇਸ ਨੂੰ ਅੰਤਿਮ ਯਾਤਰਾ ਵੀ ਕਿਹਾ ਜਾਂਦਾ ਹੈ। ਅੰਤਿਮ ਯਾਤਰਾ ਦੀ ਅਗਵਾਈ ਘਰ ਦਾ ਵੱਡਾ ਪੁੱਤਰ ਕਰਦਾ ਹੈ ਭਾਵ ਅਰਥੀ ਅੱਗੇ ਸਭ ਤੋਂ ਪਹਿਲਾਂ ਉਹ ਚਲਦਾ ਹੈ ਉਸਦੇ ਪਿਛੇ ਘਰ ਦੇ ਰਿਸ਼ਤੇਦਾਰ ਅਤੇ ਹੋਰ ਸਬੰਧੀ ਹੁੰਦੇ ਹਨ। ਅੱਗੇ ਚਲਣ ਵਾਲਿਆਂ ਵਿਚ ਆਮ ਤੌਰ ਤੇ ਪੁਰਸ਼ ਹੁੰਦੇ ਹਨ, ਬੱਚੇ ਤੇ ਇਸਤਰੀਆਂ ਪਿਛੇ -ਪਿਛੇ ਆਉਂਦੀਆਂ ਹਨ। ਪੰਜਾਬ ਵਿਚ ਅਰਥੀ ਦੇ ਨਾਲ ਚਲਣ ਵਾਲੇ ਵਿਅਕਤੀ ਆਮ ਤੌਰ ਤੇ 'ਰਾਮ ਨਾਮ ਸਤ ਹੈ' ਬੋਲਦੇ ਜਾਂਦੇ ਹਨ। ਮ੍ਰਿਤਕ ਵਿਅਕਤੀ ਨੂੰ ਸ਼ਮਸ਼ਾਨ ਘਾਟ ਤੱਕ ਲਿਜਾਇਆ ਜਾਂਦਾ ਹੈ। ਸ਼ਮਸ਼ਾਨ ਘਾਟ ਵਿਚ ਮ੍ਰਿਤਕ ਵਿਅਕਤੀ ਨੂੰ ਅਗਨ ਭੇਟ ਕਰਨ ਲਈ ਵਿਸ਼ੇਸ਼ ਥਾਂ ਬਣੀ ਹੁੰਦੀ ਹੈ।

ਇਸ ਸਥਾਨ ਨੂੰ ਸ਼ੁੱਧ ਕਰਨ ਅਤੇ ਰੂਹਾਂ ਤੋਂ ਬਚਾਉਣ ਲਈ ਬ੍ਰਾਹਮਣ ਦੁਆਰਾ ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਹੈ। ਲੱਕੜਾਂ ਦੀ ਚਿਤਾ ਬਣਾ ਕੇ ਮ੍ਰਿਤਕ ਵਿਅਕਤੀ ਨੂੰ ਉਸ ਉਪਰ ਰੱਖਿਆ ਜਾਂਦਾ ਹੈ। ਪੁਰਾਤਨ ਸਮਿਆਂ ਵਿਚ ਅਮੀਰ ਅਤੇ ਸ਼ਾਹੀ ਖਾਨਦਾਨਾਂ ਵਿਚ ਚੰਦਨ ਦੀ ਲੱਕੜ ਰਾਹੀਂ ਅਗਨ ਭੇਟ ਕਰਨ ਦੀ ਰਸਮ ਕੀਤੀ ਜਾਂਦੀ ਸੀ ਪਰ ਅੱਜ ਕੱਲ੍ਹ ਹਿੰਦੂ ਪਰਿਵਾਰਾਂ ਵਿਚ ਆਮ ਲੱਕੜਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਪਰ ਸੰਕੇਤ ਵਜੋਂ ਚੰਦਨ ਦੀ ਲੱਕੜੀ ਅਤੇ ਹੋਰ ਸਮੱਗਰੀ ਚਿਤਾ ਉਤੇ ਵਿਛਾ ਦਿੱਤੀ ਜਾਂਦੀ ਹੈ। ਮ੍ਰਿਤਕ ਵਿਅਕਤੀ ਦੇ ਮੂੰਹ ਵਿਚ ਸ਼ੁੱਧ ਘਿਓ ਪਾਉਣ ਦਾ ਰਿਵਾਜ ਪ੍ਰਚਲਿਤ ਹੈ। ਚਿਤਾ ਨੂੰ ਘਰ ਦਾ ਵੱਡਾ ਪੁੱਤਰ ਅਗਨ ਭੇਟ ਕਰਦਾ ਹੈ। ਕੁਝ ਸਮਾਂ ਅਗਨ ਭੇਟ ਰਹਿਣ ਤੋਂ ਬਾਅਦ ਸੜ ਰਹੇ ਵਿਅਕਤੀ ਦੇ ਸਿਰ ਨੂੰ ਭੰਨਣ ਦੀ ਰਸਮ ਵੀ ਵੇਖਣ ਨੂੰ ਮਿਲਦੀ ਹੈ ਜਿਸ ਨੂੰ ਕਪਾਲਕ੍ਰਿਆ ਕਿਹਾ ਜਾਂਦਾ ਹੈ। ਗਰੁੜ ਪੁਰਾਣ ਵਿਚ ਦੱਸਿਆ ਗਿਆ ਹੈ ਕਿ ਗ੍ਰਹਿਸਥੀ ਦਾ ਕਪਾਲ (ਖੋਪੜੀ) ਸੋਟੇ ਨਾਲ ਅਤੇ ਸਾਧੂ ਦਾ ਬਿਲ ਦੇ ਫਲ ਨਾਲ ਭੰਨਣਾ ਚਾਹੀਦਾ ਹੈ (ਗਰੁੜ ਪੁਰਾਣ 10.56-57)। ਇਸ ਤੋਂ ਬਾਅਦ ਸਮੂਹ ਰਿਸ਼ਤੇਦਾਰ ਅਤੇ ਸਬੰਧੀ ਬਗੈਰ ਪਿਛੇ ਦੇਖੇ ਵਾਪਸ ਆ ਜਾਂਦੇ ਹਨ।

ਮ੍ਰਿਤਕ ਦੇ ਸਬੰਧੀਆਂ ਲਈ ਉਦਕ ਕ੍ਰਿਆ ਦੀ ਰਸਮ ਦਾ ਨਿਯਮ ਵੀ ਹੈ ਜੋ ਕਿ ਸੰਕੇਤ ਰੂਪ ਵਿਚ ਕੀਤੀ ਜਾਂਦੀ ਹੈ ਤਾਂ ਕਿ ਮ੍ਰਿਤਕ ਪ੍ਰਾਣੀ ਨੂੰ ਸ਼ਾਂਤ ਕੀਤਾ ਜਾਵੇ। ਇਸ ਰਸਮ ਵਿਚ ਨੇੜਲੇ ਸਬੰਧੀ ਕਿਸੇ ਨੇੜਲੇ ਦਰਿਆ ਵਿਚ ਇਸ਼ਨਾਨ ਕਰਦੇ ਹਨ ਅਤੇ ਦੱਖਣ ਵੱਲ ਮੂੰਹ ਕਰਦੇ ਹੋਏ ਪ੍ਰਜਾਪਤੀ ਦੀ ਅਰਾਧਨਾ ਕਰਦੇ ਹਨ। ਘਰ ਵਿਚ ਪ੍ਰੋਹਿਤ ਇਹਨਾਂ ਸਬੰਧੀਆਂ ਨੂੰ ਧਰਮ ਗ੍ਰੰਥ ਵਿਚੋਂ ਪੁਰਾਤਨ ਗਾਥਾਵਾਂ ਸੁਣਾਉਂਦੇ ਹਨ ਤਾਂ ਕਿ ਉਹਨਾਂ ਦੇ ਮਨ ਨੂੰ ਤਸੱਲੀ ਦਿੱਤੀ ਜਾਵੇ।

ਮਰਨ ਉਪਰੰਤ ਤੀਜੇ ਦਿਨ ਮ੍ਰਿਤਕ ਵਿਅਕਤੀ ਦੀਆਂ ਅਸਥੀਆਂ ਚੁਣੀਆਂ ਜਾਂਦੀਆਂ ਹਨ। ਅਸਥੀਆਂ ਚੁਣਨ ਦੀ ਇਸ ਰਸਮ ਨੂੰ ਅਸਥੀ ਸਿੰਚਾਇਨ ਕਿਹਾ ਜਾਂਦਾ ਹੈ। ਆਸ਼ਵਲਾਯਨ ਗ੍ਰਹਿ ਸੂਤਰ ਅਨੁਸਾਰ ਇਹ ਰਸਮ ਤੇਰਵੇਂ ਜਾਂ ਪੰਦਰਵੇਂ ਦਿਨ ਅਤੇ ਬੋਧਾਯਨ ਗ੍ਰਹਿਸੂਤਰ ਅਨੁਸਾਰ ਇਹ ਰਸਮ ਅੰਤੇਸ਼ਟੀ ਤੋਂ ਤੀਜੇ, ਪੰਜਵੇਂ ਜਾਂ ਸੱਤਵੇਂ ਦਿਨ ਕੀਤੀ ਜਾਂਦੀ ਹੈ। ਮੰਤਰਾਂ ਦਾ ਉਚਾਰਣ ਕਰਦੇ ਹੋਏ ਦੁੱਧ ਅਤੇ ਪਾਣੀ ਦੇ ਘੋਲ ਵਿਚ ਅਸਥੀਆਂ ਨੂੰ ਧੋ ਕੇ ਇਕ ਜਗਾ ਇਕੱਠਾ ਕੀਤਾ ਜਾਂਦਾ ਹੈ। ਬਚੀ ਹੋਈ ਸੁਆਹ ਨੂੰ ਦੱਖਣ ਦਿਸ਼ਾ ਵੱਲ ਸੁੱਟ ਦਿੱਤਾ ਜਾਂਦਾ ਹੈ। ਜੇਕਰ ਉਸੇ ਦਿਨ ਜਲ ਪ੍ਰਵਾਹ ਨਾ ਕੀਤਾ ਜਾ ਸਕੇ ਤਾਂ ਇਹਨਾਂ ਨੂੰ ਵਾਪਸ ਘਰ ਨਹੀਂ ਲਿਆਇਆ ਜਾਂਦਾ ਬਲਕਿ ਸ਼ਮਸ਼ਾਨ ਵਿਚ ਹੀ ਕਿਸੇ ਉਚੀ ਜਗ੍ਹਾ ਤੇ ਰੱਖ ਦਿੱਤਾ ਜਾਂਦਾ ਹੈ ਜਾਂ ਕਿਸੇ ਦਰਖਤ ਨਾਲ ਲਟਕਾ ਦਿੱਤਾ ਜਾਂਦਾ ਹੈ। ਇਹਨਾਂ ਅਸਥੀਆਂ ਨੂੰ ਸਤਿਕਾਰ ਸਹਿਤ ਗੰਗਾ ਵਿਚ ਵਹਾਉਣ ਦੀ ਰਸਮ ਹਿੰਦੂ ਧਰਮ ਵਿਚ ਪ੍ਰਚਲਿਤ ਹੈ। ਗੰਗਾ ਵਿਚ ਅਸਥੀਆਂ ਵਹਾਉਣ ਦਾ ਉਦੇਸ਼ ਇਹ ਸਮਝਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਮ੍ਰਿਤਕ ਪ੍ਰਾਣੀ ਕਦੇ ਵੀ ਬ੍ਰਹਮਲੋਕ ਤੋਂ ਇਸ ਨਾਸ਼ਵਾਨ ਜਗਤ ਵੱਲ ਨਹੀਂ ਮੁੜਦਾ ਅਤੇ ਵਿਅਕਤੀ ਯੁਗਾਂ-ਯੁਗਾਂ ਤੱਕ ਸਵਰਗਾਂ ਵਿਚ ਸ਼ਾਂਤੀਪੂਰਵਕ ਸਥਾਨ ਗ੍ਰਹਿਣ ਕਰਦਾ ਹੈ।

ਮ੍ਰਿਤਕ ਵਿਅਕਤੀ ਦੀ ਆਤਮਾ ਦੀ ਸ਼ਾਂਤੀ ਲਈ ਕੀਤੀ ਗਈ ਕ੍ਰਿਆ ਨੂੰ 'ਸ਼ਾਂਤੀ ਕਰਮ' ਕਿਹਾ ਜਾਂਦਾ ਹੈ। ਇਸ ਰਸਮ ਵਿੱਚ ਗਰੁੜ ਪੁਰਾਣ ਦਾ ਪਾਠ ਕੀਤਾ ਜਾਂਦਾ ਹੈ ਅਤੇ ਸੱਤਵੇਂ ਜਾਂ ਗਿਆਰਵੇਂ ਜਾਂ ਤੇਰਵੇਂ ਦਿਨ ਪਾਠ ਦਾ ਭੋਗ ਪਾਇਆ ਜਾਂਦਾ ਹੈ। ਇਸ ਦਿਨ ਤੋਂ ਬਾਅਦ ਸੋਗ ਦੀਆਂ ਸਮੂਹ ਰਸਮਾਂ ਖਤਮ ਹੋ ਜਾਂਦੀਆਂ ਹਨ। ਇਸ ਰਸਮ ਵਿਚ ਪਾਠ ਦੇ ਭੋਗ ਤੋਂ ਬਾਅਦ ਹਵਨ ਕੀਤਾ ਜਾਂਦਾ ਹੈ, ਗਰੀਬਾਂ ਨੂੰ ਦਾਨ ਦਿੱਤਾ ਜਾਂਦਾ ਹੈ ਅਤੇ ਹਾਜ਼ਰ ਵਿਅਕਤੀਆਂ ਨੂੰ ਭੋਜਨ ਛਕਾਇਆ ਜਾਂਦਾ ਹੈ। ਘਰ ਦੇ ਵੱਡੇ ਪੁੱਤਰ ਨੂੰ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਅਤੇ ਸਮੂਹ ਸਬੰਧੀ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ।

ਹਿੰਦੂ ਧਰਮ ਵਿਚ ਮ੍ਰਿਤਕ ਨਾਲ ਸਬੰਧ ਸਪਿੰਡੀਕਰਨ ਦੀ ਰਸਮ ਵੀ ਵੇਖਣ ਨੂੰ ਮਿਲਦੀ ਹੈ। ਇਸ ਰਸਮ ਵਿਚ ਇਹ ਸਮਝਿਆ ਜਾਂਦਾ ਹੈ ਕਿ ਮਰਨ ਤੋਂ ਬਾਅਦ ਵਿਅਕਤੀ ਦੀ ਆਤਮਾ ਸਿੱਧੀ ਪਿਤਰ ਲੋਕ ਵਿਚ ਨਹੀਂ ਜਾਂਦੀ ਇਹ ਕੁਝ ਸਮਾਂ ਪਿਤਰਲੋਕ ਤੋਂ ਦੂਰ ਹੀ ਰਹਿੰਦੀ ਹੈ। ਆਤਮਾ ਨੂੰ

ਪਿਤਰਲੋਕ ਤੱਕ ਪਹੁੰਚਾਉਣ ਲਈ ਸਪਿੰਡੀਕਰਨ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਵਿਚ ਆਟੇ ਜਾਂ ਜੌਂ ਜਾਂ ਚੌਲਾਂ ਦੇ ਚਾਰ ਗੋਲੇ ਬਣਾਏ ਜਾਂਦੇ ਹਨ ਜਿਨ੍ਹਾਂ ਨੂੰ ਪਿੰਡ ਕਿਹਾ ਜਾਂਦਾ ਹੈ। ਚਾਰਾਂ ਵਿਚੋਂ ਇਕ ਗੋਲੇ ਨੂੰ ਤੋੜ ਕੇ ਬਾਕੀ ਤਿੰਨਾਂ ਵਿਚ ਮਿਲਾ ਦਿੱਤਾ ਜਾਂਦਾ ਹੈ ਜਿਸ ਨੂੰ ਮ੍ਰਿਤਕ ਪ੍ਰਾਣੀ ਦਾ ਪਿਤਰਾਂ ਨਾਲ ਮਿਲਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਇਹ ਪਿੰਡ ਪ੍ਰੇਤ ਆਤਮਾਵਾਂ ਨੂੰ ਭੇਟ ਕੀਤੇ ਜਾਂਦੇ ਹਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਕੁਝ ਸਮੇਂ ਬਾਅਦ ਮਰ ਚੁੱਕੇ ਵਿਅਕਤੀ ਦੀ ਆਤਮਾ ਪਿਤਰ ਲੋਕ ਵਿਚ ਪ੍ਰਵੇਸ਼ ਕਰ ਜਾਵੇਗੀ। ਇਹ ਰਸਮ ਵਿਅਕਤੀ ਦੀ ਮੌਤ ਤੋਂ ਬਾਰਵੇਂ ਦਿਨ ਜਾਂ ਇਕ ਸਾਲ ਬੀਤ ਜਾਣ ਤੇ ਕੀਤੀ ਜਾਂਦੀ ਹੈ।

ਹਿੰਦੂ ਧਰਮ ਵਿਚ ਮ੍ਰਿਤਕ ਵਿਅਕਤੀ ਦੀਆਂ ਇਹਨਾਂ ਰਸਮਾਂ ਤੋਂ ਇਲਾਵਾ ਸਲਾਨਾ ਰਸਮਾਂ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਸ਼ਰਾਧ ਕਿਹਾ ਜਾਂਦਾ ਹੈ। ਹਰ ਸਾਲ ਸ਼ਰਾਧ ਦੇ ਦਿਨਾ ਵਿਚ ਪਿਤਰਾਂ ਲਈ ਬ੍ਰਾਹਮਣਾਂ ਨੂੰ ਭੋਜਨ ਕਰਾਇਆ ਜਾਂਦਾ ਹੈ। ਪਿਤਰਾਂ ਲਈ ਯੱਗ ਵੀ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ 'ਪਿਤਰ ਯੱਗ' ਕਿਹਾ ਜਾਂਦਾ ਹੈ।

ਆਮ ਵਿਅਕਤੀਆਂ ਤੋਂ ਇਲਾਵਾ ਯੋਗੀਆਂ ਤੇ ਸੰਨਿਆਸੀਆਂ ਦੇ ਅੰਤਮ ਸੰਸਕਾਰ ਦੀਆਂ ਰਸਮਾਂ ਵਿਚ ਭਿੰਨਤਾ ਹੈ ਕਿਉਂਕਿ ਜਿਥੇ ਆਮ ਗ੍ਰਹਿਸਥੀਆਂ ਦਾ ਉਦੇਸ਼ ਪਿਤਰ ਲੋਕ ਤੱਕ ਪਹੁੰਚਣਾ ਹੈ ਉਥੇ ਯੋਗੀਆਂ ਅਤੇ ਸੰਨਿਆਸੀਆਂ ਨੇ ਬ੍ਰਹਮ ਲੋਕ ਅਤੇ ਮੁਕਤੀ ਹਾਸਲ ਕਰਨੀ ਹੁੰਦੀ ਹੈ। ਯੋਗੀਆਂ ਅਤੇ ਸੰਨਿਆਸੀਆਂ ਲਈ ਅੰਤਮ ਸੰਸਕਾਰ ਤੋਂ ਬਾਅਦ ਕੋਈ ਵੀ ਰਸਮਾਂ ਨਹੀਂ ਕੀਤੀਆਂ ਜਾਂਦੀਆਂ, ਇਹ ਸਮਝਿਆ ਜਾਂਦਾ ਹੈ ਕਿ ਉਹਨਾਂ ਦਾ ਇਸ ਦੁਨਿਆਵੀ ਜਗਤ ਅਤੇ ਵਸਤਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ ਅਤੇ ਮਰਨ ਤੋਂ ਬਾਅਦ ਉਹਨਾਂ ਨੂੰ ਬ੍ਰਹਮ ਲੋਕ ਪ੍ਰਾਪਤ ਹੁੰਦਾ ਹੈ ਜਿਥੇ ਦੁਨਿਆਵੀ ਵਸਤਾਂ ਦੀ ਕੋਈ ਜ਼ਰੂਰਤ ਨਹੀਂ ਹੁੰਦੀ।

**ਜੈਨ ਧਰਮ**

ਜੈਨ ਧਰਮ ਦੀ ਇਕ ਸਰਵਵਿਆਪੀ ਪ੍ਰਾਰਥਨਾ ਇਸ ਤਰ੍ਹਾਂ ਦੱਸੀ ਗਈ ਹੈ :

1. ਦੁੱਖਾਂ ਤੋਂ ਛੁਟਕਾਰਾ
2. ਸਮਾਧੀ ਮਰਣ
3. ਕਰਮਾਂ ਤੋਂ ਛੁਟਕਾਰਾ
4. ਗਿਆਨ ਦੀ ਪ੍ਰਾਪਤੀ

ਇਹ ਚਾਰ ਵਾਕ ਹਰ ਇਕ ਮਨੁੱਖ ਦਾ ਜੀਵਨ ਉਦੇਸ਼ ਹਨ। ਹਰ ਇਕ ਮਨੁੱਖ ਦੁੱਖਾਂ ਅਤੇ ਕਰਮਾਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਅਤੇ ਇਹਨਾਂ ਤੋਂ ਛੁਟਕਾਰਾ ਪਾਉਣ ਲਈ ਗਿਆਨ ਦੀ ਪ੍ਰਾਪਤੀ ਜ਼ਰੂਰੀ ਹੈ। ਗਿਆਨ ਦੀ ਪ੍ਰਾਪਤੀ ਲਈ ਸਮਾਧੀ ਜੈਨ ਧਰਮ ਦਾ ਇਕ ਪ੍ਰਮੁੱਖ ਸਾਧਨ ਹੈ ਜੋ ਕਿ ਵਿਅਕਤੀ ਦੇ ਕਰਮਾਂ ਨੂੰ ਸਹੀ ਦਿਸ਼ਾ ਵੱਲ ਲਿਜਾ ਕੇ ਮੁਕਤੀ ਦੀ ਅਵਸਥਾ ਤੱਕ ਪਹੁੰਚਾਉਂਦੀ ਹੈ। ਗਿਆਨ ਦੀ ਪ੍ਰਾਪਤੀ ਹਰ ਇਕ ਜੈਨ ਸਾਧੂ ਦਾ ਜੀਵਨ ਉਦੇਸ਼ ਹੈ ਅਤੇ ਆਪਣੇ ਉਦੇਸ਼ ਦੀ ਪ੍ਰਾਪਤੀ ਤੱਕ ਹਰ ਇਕ ਸਾਧੂ ਯਤਨ ਕਰਦਾ ਰਹਿੰਦਾ ਹੈ। ਗਿਆਨ ਦੀ ਪ੍ਰਾਪਤੀ ਨਾਲ ਹੀ ਜੈਨ ਮੁਨੀ ਮੁਕਤੀ ਹਾਸਲ ਕਰਦਾ ਹੈ। ਗਿਆਨ ਦੀ ਪ੍ਰਾਪਤੀ ਤੋਂ ਬਾਅਦ ਵੀ ਸਮਾਧੀ ਰਾਹੀਂ ਜੈਨ ਸਾਧੂ ਅਨੰਦ ਦੀ ਅਵਸਥਾ ਵਿਚ ਰਹਿਣ ਨੂੰ ਤਰਜੀਹ ਦਿੰਦੇ ਹਨ। ਇਸ ਕਰਕੇ ਹਰ ਇਕ ਜੈਨ ਸਾਧੂ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਸਮਾਧੀ ਦੀ ਅਵਸਥਾ ਵਿਚ ਹੀ ਪ੍ਰਾਣ ਤਿਆਗੇ। ਸਮਾਧੀ ਦੀ ਅਵਸਥਾ ਵਿਚ ਪ੍ਰਾਣ ਤਿਆਗਣ ਨੂੰ ਪਵਿੱਤਰ ਮੌਤ ਮੰਨਦੇ ਹੋਏ ਇਸ ਨੂੰ ਜੈਨ ਧਰਮ ਵਿਚ 'ਸਲੇਖਨਾ' ਕਿਹਾ ਗਿਆ ਹੈ। ਜੈਨ ਨਿਯਮਾਂਵਲੀ ਵਿਚ ਸਲੇਖਨਾ ਦੀਆਂ ਚਾਰ ਅਵਸਥਾਵਾਂ ਦਾ ਵਰਣਨ ਮਿਲਦਾ ਹੈ :

1. ਉਪਸਰਗ : ਜਦੋਂ ਕੋਈ ਜੈਨ ਸਾਧੂ ਦੁਸ਼ਮਣ ਦੇ ਕਬਜ਼ੇ ਵਿਚ ਆ ਜਾਵੇ ਅਤੇ ਜਦੋਂ ਜੈਨ ਧਰਮ ਦੇ ਨਿਯਮਾਂ ਦਾ ਪਾਲਣ ਕਰਨਾ ਇਕ ਸਾਧੂ ਲਈ ਮੁਸ਼ਕਲ ਹੋਵੇ।
2. ਦੁਰਭਿਕਸ਼ਾ : ਸੋਕੇ ਦੀ ਅਵਸਥਾ ਵਿਚ ਜਦੋਂ ਜੈਨ ਨਿਯਮਾਂ ਅਨੁਸਾਰ ਗ੍ਰਹਿਣ ਕਰਨ

ਯੋਗ ਭੋਜਨ ਮਿਲਣਾ ਮੁਸ਼ਕਲ ਹੋ ਜਾਵੇ।

3. ਜਰਾ : ਬੁਢਾਪੇ ਵਿਚ ਜਦੋਂ ਦਿਖਾਈ ਦੇਣਾ ਅਤੇ ਕਿਸੇ ਵੀ ਸਹਾਇਤਾ ਤੋਂ ਬਗੈਰ ਕਮਜ਼ੋਰੀ ਦੀ ਅਵਸਥਾ ਵਿਚ ਜੈਨ ਨਿਯਮਾਂ ਦੀ ਪਾਲਣਾ ਕਰਨਾ ਅਸੰਭਵ ਹੋ ਜਾਵੇ।

4.ਨਿਹਪ੍ਰਤੀਕਾਰਾ ਰੁਜਾ: ਲਾਇਲਾਜ ਗੰਭੀਰ ਰੋਗ ਪੈਦਾ ਹੋ ਜਾਣਾ ਜਿਸ ਤੋਂ ਮੌਤ ਪ੍ਰਤੱਖ ਹੋ ਜਾਵੇ।

ਇਹਨਾਂ ਚਾਰ ਅਵਸਥਾਵਾਂ ਵਿਚੋਂ ਕਿਸੇ ਇਕ ਦੀ ਹਾਲਤ ਵਿਚ ਸਾਧੂ ਮੌਤ ਆਉਣ ਤੱਕ ਵਰਤ ਰੱਖਦਾ ਹੈ। ਪਰ ਇਥੇ ਜੈਨ ਸਾਧੂ ਨੂੰ ਇਕ ਗੱਲ ਦਾ ਧਿਆਨ ਰੱਖਣਾ ਪੈਂਦਾ ਹੈ ਕਿ ਆਮ ਹਾਲਤਾਂ ਵਿਚ ਅਤੇ ਜਦੋਂ ਜੀਵਨ ਦੀ ਸੰਭਾਵਨਾ ਦੀ ਕੋਈ ਵੀ ਕਿਰਨ ਬਾਕੀ ਹੋਵੇ ਤਾਂ ਸਲੇਖਨਾ ਰਾਹੀਂ ਮੌਤ ਗ੍ਰਹਿਣ ਕਰਨ ਤੋਂ ਪ੍ਰੇਹਜ ਕਰਨਾ ਚਾਹੀਦਾ ਹੈ। ਜਦੋਂ ਮਰਨ ਤੱਕ ਵਰਤ ਰੱਖਿਆ ਹੋਵੇ ਤਾਂ ਜੈਨ ਸਾਧੂ ਕਿਸੇ ਕਾਰਣ ਵਿਸ਼ੇਸ਼ ਹਾਲਤ ਨੂੰ ਪਾਰ ਕਰ ਜਾਵੇ ਤਾਂ ਜੀਵਨ ਨੂੰ ਪਹਿਲ ਦੇ ਕੇ ਸਮਾਧੀ ਦੀ ਅਵਸਥਾ ਦੀ ਕਾਮਨਾ ਕਰਨੀ ਜ਼ਰੂਰੀ ਹੈ। ਭਾਵੇਂ ਕਿ ਸਲੇਖਨਾ ਦਾ ਵਿਧਾਨ ਜੈਨ ਸਾਧੂਆਂ ਲਈ ਬਣਾਇਆ ਗਿਆ ਪਰ ਫਿਰ ਵੀ ਜੇਕਰ ਕੋਈ ਆਮ ਗ੍ਰਹਿਸਤੀ ਇਸ ਵਿਧਾਨ ਦਾ ਪਾਲਣ ਕਰਨਾ ਚਾਹੇ ਤਾਂ ਉਹ ਜੈਨ ਅਚਾਰੀਆਂ ਕੋਲ ਜਾ ਕੇ ਇਸ ਅਵਸਥਾ ਲਈ ਬੇਨਤੀ ਕਰ ਸਕਦਾ ਹੈ। ਜੈਨ ਆਚਾਰੀਆ ਉਸਦੀ ਅਵਸਥਾ ਨੂੰ ਚੰਗੀ ਤਰ੍ਹਾਂ ਵੇਖਣ ਤੋਂ ਬਾਅਦ ਸਲੇਖਨਾ ਦੀ ਇਜਾਜ਼ਤ ਦੇ ਸਕਦਾ ਹੈ।

ਜੈਨ ਧਰਮ ਵਿਚ ਸਲੇਖਨਾ ਅਤੇ ਕੁਦਰਤੀ ਨਿਯਮਾਂ ਅਨੁਸਾਰ ਮਰਨ ਤੋਂ ਬਾਅਦ ਦੀਆਂ ਰਸਮਾਂ ਗ੍ਰਹਿਸਤੀਆਂ ਵਿਚ ਲਗਭਗ ਇਕੋ ਜਿਹੀਆਂ ਹਨ। ਜੈਨ ਸਾਧੂ ਦੀ ਮੌਤ ਤੋਂ ਬਾਅਦ ਅੰਤੇਸ਼ਟੀ ਸੰਸਕਾਰ ਉਪਰੰਤ ਕੋਈ ਹੋਰ ਰਸਮ ਨਹੀਂ ਕੀਤੀ ਜਾਂਦੀ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਮੌਤ ਉਪਰੰਤ ਜੈਨ ਸਾਧੂ ਨੂੰ ਮੁਕਤੀ ਪ੍ਰਾਪਤ ਹੋ ਗਈ ਅਤੇ ਹੁਣ ਉਸ ਦੀ ਇਸ ਦੁਨੀਆਂ ਵਿਚ ਵਾਪਸ ਆਉਣ ਦੀ ਕੋਈ ਇੱਛਾ ਨਹੀਂ ਪਰ ਗ੍ਰਹਿਸਤੀਆਂ ਵਿਚ ਅੰਤੇਸ਼ਟੀ ਸੰਸਕਾਰ ਤੋਂ ਬਾਅਦ ਦੀਆਂ ਰਸਮਾਂ ਦਾ ਵਿਧਾਨ ਦੂਜੇ ਧਰਮਾਂ ਵਾਂਗ ਪ੍ਰਚਲਿਤ ਹੈ। ਜੈਨ ਧਰਮ ਦੀਆਂ ਮੌਤ ਉਪਰੰਤ ਕੀਤੀਆਂ ਜਾਣ ਵਾਲੀਆਂ ਰਸਮਾਂ ਉਤੇ ਹਿੰਦੂ ਧਰਮ ਦਾ ਪ੍ਰਭਾਵ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ ਪਰ ਫਿਰ ਵੀ ਕੁਝ ਅਜਿਹੀਆਂ ਰਸਮਾਂ ਜੈਨ ਧਰਮ ਦਾ ਅੰਗ ਹਨ ਜੋ ਹਿੰਦੂ ਧਰਮ ਦੀਆਂ ਰਸਮਾਂ ਤੋਂ ਭਿੰਨਤਾ ਰੱਖਦੀਆਂ ਹਨ। ਹਿੰਦੂ ਧਰਮ ਵਿਚ ਅੰਤੇਸ਼ਟੀ ਤੋਂ ਬਾਅਦ ਸ਼ਰਾਧ ਅਤੇ ਦਾਨ ਦੀਆਂ ਰਸਮਾਂ ਪ੍ਰਚਲਿਤ ਹਨ ਪਰ ਜੈਨ ਧਰਮ ਵਿਚ ਸ਼ੁੱਧੀ ਦੀ ਰਸਮ ਵੇਖਣ ਨੂੰ ਮਿਲਦੀ ਹੈ। ਜੈਨ ਧਰਮ ਇਹ ਮੰਨਦਾ ਹੈ ਕਿ ਮ੍ਰਿਤਕ ਦੇ ਅੰਤੇਸ਼ਟੀ ਸੰਸਕਾਰ ਤੋਂ ਬਾਅਦ ਦਸ ਤੋਂ ਤੇਰਾਂ ਦਿਨ ਤੱਕ ਦਾ ਸਮਾਂ ਪਰਿਵਾਰ ਵਾਲਿਆਂ ਲਈ ਅਸ਼ੁੱਧੀ ਦਾ ਸਮਾਂ ਮੰਨਿਆ ਜਾਂਦਾ ਹੈ ਇਸ ਨੂੰ ਜੈਨ ਧਰਮ ਵਿਚ ਸੂਤਕ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਮ੍ਰਿਤਕ ਪਰਿਵਾਰ ਦੇ ਮੈਂਬਰ ਸ਼ੇਵ ਨਹੀਂ ਕਰਦੇ, ਨਹਾਉਂਦੇ ਨਹੀਂ ਅਤੇ ਸਾਦੇ ਕੱਪੜਪਹਿਨਦੇ ਹਨ। ਪਰ ਤੇਰਵੇਂ ਦਿਨ ਸ਼ੁੱਧੀ ਦੀ ਰਸਮ ਸਮੇਂ ਸੇਵ ਕਰਦੇ, ਨਹਾਉਂਦੇ ਅਤੇ ਰੋਜ਼ਾਨਾ ਜੀਵਨ ਵਾਲੇ ਕੱਪੜੇ ਪਹਿਨਦੇ ਹਨ। ਇਸ ਦਿਨ ਸਮੂਹ ਜੈਨੀ ਮ੍ਰਿਤਕ ਪਰਿਵਾਰ ਨਾਲ ਹਮਦਰਦੀ ਕਰਦੇ ਹਨ ਅਤੇ ਜੈਨ ਆਚਾਰੀਆ ਕੁਦਰਤ ਦੇ ਨਿਯਮਾਂ ਅਤੇ ਆਵਾਗਵਨ ਨਾਲ ਸਬੰਧਤ ਪੁਰਾਤਨ ਕਥਾਵਾਂ ਦਾ ਉਚਾਰਣ ਕਰਦੇ ਹਨ। ਸ਼ੁੱਧੀ ਦੀ ਰਸਮ ਤੋਂ ਬਾਅਦ ਮਰਣਭੋਜ ਕੀਤਾ ਜਾਂਦਾ ਹੈ ਜਿਸ ਵਿੱਚ ਸਮੂਹ ਜੈਨੀ ਭਾਈਚਾਰਾ ਇਕੱਠੇ ਬੈਠ ਕੇ ਭੋਜਨ ਕਰਦਾ ਹੈ।

ਵਿਅਕਤੀ ਦੀ ਮੌਤ ਤੋਂ ਬਾਅਦ ਜੈਨੀ ਪਰਿਵਾਰਾਂ ਵਿਚ ਪੂਜਾ ਦਾ ਵਿਧਾਨ ਵੀ ਪ੍ਰਚਲਿਤ ਹੈ ਪਰ ਇਸ ਸਬੰਧੀ ਸ਼ਵੇਤਾਂਬਰਾਂ ਅਤੇ ਦਿਗੰਬਰਾਂ ਵਿਚ ਮਤਭੇਦ ਵੇਖਣ ਨੂੰ ਮਿਲਦੇ ਹਨ। ਸ਼ਵੇਤਾਂਬਰਾਂ ਦਾ ਵਿਚਾਰ ਹੈ ਕਿ ਪੂਜਾ ਅੰਤੇਸ਼ਟੀ ਸੰਸਕਾਰ ਤੋਂ ਕੁਝ ਸਮਾਂ ਬਾਅਦ ਉਸੇ ਦਿਨ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਪੂਜਾ ਜੈਨੀ ਮੰਦਰਾਂ ਵਿਚ ਕੀਤੀ ਜਾਂਦੀ ਹੈ। ਪਰ ਦਿਗੰਬਰ ਮੰਨਦੇ ਹਨ ਕਿ ਪੂਜਾ ਅੰਤੇਸ਼ਟੀ ਸੰਸਕਾਰ

ਵਾਲੇ ਦਿਨ ਨਹੀਂ ਕਰਨੀ ਚਾਹੀਦੀ ਹੈ। ਬਲਕਿ ਅੰਤੇਸ਼ਟੀ ਤੋਂ ਗਿਆਰਵੇਂ ਜਾਂ ਬਾਹਰਵੇਂ ਜਾਂ ਪੰਦਰਵੇਂ ਜਾਂ ਸੋਲਵੇਂ ਜਾਂ ਇਕੀਵੇਂ ਦਿਨ ਕੀਤੀ ਜਾਣੀ ਚਾਹੀਦੀ ਹੈ। ਭਾਵੇਂ ਕਿ ਸੁੱਧੀ ਦੀ ਰਸਮ ਤੋਂ ਬਾਅਦ ਜੈਨੀ ਨਿਯਮਾਂ ਅਨੁਸਾਰ ਹੋਰ ਕੋਈ ਰਸਮ ਨਹੀਂ ਹੋਣੀ ਚਾਹੀਦੀ ਪਰ ਫਿਰ ਵੀ ਆਮ ਤੌਰ ਤੇ ਮ੍ਰਿਤਕ ਦੀ ਸਲਾਨਾ ਬਰਸੀ ਦੀ ਰਸਮ ਨਿਭਾਈ ਜਾਂਦੀ ਹੈ। ਇਸ ਦਿਨ ਮ੍ਰਿਤਕ ਪਰਿਵਾਰ ਮੰਦਰ ਵਿਚ ਜਾ ਕੇ ਪੂਜਾ ਕਰਦਾ ਹੈ ਅਤੇ ਧਾਰਮਿਕ ਅਤੇ ਸਮਾਜਕ ਸੰਸਥਾਵਾਂ ਨੂੰ ਦਾਨ ਦਿੰਦਾ ਹੈ।

**ਬੁੱਧ ਧਰਮ**

ਬੁੱਧ ਧਰਮ ਭਾਰਤ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਬਾਕੀ ਧਰਮਾਂ ਵਾਂਗ ਬੁੱਧ ਧਰਮ ਵੀ ਇਹ ਮੰਨਦਾ ਹੈ ਕਿ 'ਜੀਵਨ ਦਾ ਅੰਤ ਮੌਤ' ਹੈ ਪਰ ਮੌਤ ਵਿਅਕਤੀ ਨੂੰ ਦੁੱਖਾਂ ਤੋਂ ਛੁਟਕਾਰਾ ਨਹੀਂ ਦਿਵਾ ਸਕਦੀ। ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਹੈ ਕਿ ਮਨੁੱਖ ਇਕ ਨਵੇਂ ਜੀਵਨ ਦਾ ਸਹਾਰਾ ਲਵੇ। ਨਵੇਂ ਜੀਵਨ ਤੋਂ ਮੁਕਤੀ ਪ੍ਰਾਪਤ ਕਰਨ ਲਈ ਬੁੱਧ ਨੇ ਅਸ਼ਟਾਂਗ ਮਾਰਗ ਤੇ ਚਲਦੇ ਹੋਏ ਸਮਾਧੀ ਦੀ ਅਵਸਥਾ ਤੱਕ ਪਹੁੰਚਣ ਦਾ ਆਦੇਸ਼ ਦਿੱਤਾ ਹੈ ਜੋ ਕਿ ਮਨੁੱਖ ਦੀ ਨਿਰਵਾਣ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਮੰਨੀ ਗਈ। ਨੈਤਿਕ ਜੀਵਨ ਤੇ ਜ਼ੋਰ ਬੁੱਧ ਦਾ ਪ੍ਰਮੁੱਖ ਉਦੇਸ਼ ਸੀ ਪਰ ਜੀਵਨ ਦੀਆਂ ਸਮਾਜਿਕ ਰਸਮਾਂ ਵੱਲ ਉਸ ਨੇ ਕੋਈ ਬਹੁਤਾ ਧਿਆਨ ਨਹੀਂ ਦਿੱਤਾ। ਸਮਾਜਕ ਰਸਮਾਂ ਤੋਂ ਮੂੰਹ ਮੋੜਨ ਦਾ ਇਕ ਪ੍ਰਮੁੱਖ ਕਾਰਣ ਸਮੂਹ ਲੋਕਾਈ ਨੂੰ ਬ੍ਰਾਹਮਣਵਾਦ ਦੇ ਮਾਇਆ ਜਾਲ ਵਿਚੋਂ ਬਾਹਰ ਕੱਢਣਾ ਸੀ। ਬੁੱਧ ਧਰਮ ਵਿਚ ਮੌਤ ਸਮੇਂ ਦੀਆਂ ਜੋ ਰਸਮਾਂ ਵੇਖਣ ਨੂੰ ਮਿਲਦੀਆਂ ਹਨ ਉਹ ਬਹੁਤੀਆਂ ਸਥਾਨਕ ਪ੍ਰਭਾਵ ਵਾਲੀਆਂ ਹਨ। ਭਾਰਤ ਵਿਚ ਬੁੱਧ ਧਰਮ ਦਾ ਰਾਬਤਾ ਹਿੰਦੂ ਧਰਮ ਨਾਲ ਹੋਣ ਕਰਕੇ ਬਹੁਤੀਆਂ ਰਸਮਾਂ ਉਹਨਾਂ ਦੇ ਪ੍ਰਭਾਵ ਵਾਲੀਆਂ ਹਨ। ਬੁੱਧ ਧਰਮ ਸ੍ਰਮਣਕ ਪਰੰਪਰਾ ਦਾ ਪ੍ਰਮੁੱਖ ਹਿੱਸਾ ਹੋਣ ਕਾਰਣ ਬੋਧੀ ਭਿਖੂਆਂ ਲਈ ਜੋ ਰਸਮਾਂ ਕੀਤੀਆਂ ਜਾਂਦੀਆਂ ਹਨ ਉਹ ਆਮ ਗ੍ਰਹਿਸਤੀ ਤੋਂ ਵੱਖਰੀ ਕਿਸਮ ਦੀਆਂ ਹਨ।

ਜਦੋਂ ਕਿਸੇ ਬੋਧੀ ਦੀ ਮੌਤ ਹੋ ਜਾਂਦੀ ਹੈ ਤਾਂ ਬੋਧੀ ਭਿਖੂ ਨੂੰ ਬੁਲਾਇਆ ਜਾਂਦਾ ਹੈ ਜੋ ਕਿ ਮੌਤ ਹੋਣ ਤੋਂ ਲੈ ਕੇ ਅੰਤਮ ਸੰਸਕਾਰ ਤੱਕ ਮ੍ਰਿਤਕ ਪਰਿਵਾਰ ਨਾਲ ਰਹਿੰਦਾ ਹੈ। ਅਜਿਹਾ ਸ਼ਾਇਦ ਇਸ ਲਈ ਕੀਤਾ ਜਾਂਦਾ ਹੈ ਕਿ ਪਰਿਵਾਰ ਬੁਰੀਆਂ ਆਤਮਾਵਾਂ ਦੇ ਪ੍ਰਭਾਵ ਤੋਂ ਮੁਕਤ ਰਹੇ। ਮ੍ਰਿਤਕ ਦਾ ਸੰਸਕਾਰ ਕਰਨ ਤੋਂ ਬਾਅਦ ਭਿਖੂ ਨੂੰ ਦਾਨ ਦੇ ਕੇ ਵਿਦਾ ਕੀਤਾ ਜਾਂਦਾ ਹੈ ਜੋ ਕਿ ਅਸ਼ੀਰਵਾਦ ਦੇ ਰੂਪ ਵਿੱਚ ਪਰਿਵਾਰ ਤੇ ਬੁੱਧ ਦੀ ਕ੍ਰਿਪਾ ਦੇ ਵਾਕਾਂ ਦਾ ਉਚਾਰਣ ਕਰਦਾ ਹੈ। ਇਕ ਹਫਤਾ ਪਰਿਵਾਰ ਵਿੱਚ ਸ਼ੋਕ ਮਨਾਇਆ ਜਾਂਦਾ ਹੈ। ਹਫਤੇ ਪਿਛੋਂ ਮ੍ਰਿਤਕ ਦੀ ਯਾਦ ਵਿਚ ਭਿਖੂਆਂ ਨੂੰ ਦਾਨ ਦੇਣ ਦਾ ਵਿਧਾਨ ਪ੍ਰਚਲਿਤ ਕੀਤਾ। ਹਿੰਦੂ ਧਰਮ ਵਿਚ ਮੰਨਿਆ ਜਾਂਦਾ ਹੈ ਕਿ ਮਰਨ ਤੋਂ ਬਾਅਦ ਪਿਤਰਾਂ ਲਈ ਸ਼ਰਾਧ ਕੀਤੇ ਜਾਣ ਤਾਂ ਕਿ ਮ੍ਰਿਤਕ ਪਿਤਰ ਲੋਕ ਵਿਚ ਦਾਖਲ ਹੋ ਸਕੇ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਸਮਝਿਆ ਜਾਂਦਾ ਹੈ ਕਿ ਮ੍ਰਿਤਕ ਪ੍ਰੇਤ ਬਣਕੇ ਪਰਿਵਾਰ ਵਾਲਿਆਂ ਅਤੇ ਹੋਰ ਸੰਬੰਧੀਆਂ ਨੂੰ ਤੰਗ ਕਰੇਗਾ। ਪਰ ਬੁੱਧ ਧਰਮ ਵਿਚ ਇਹ ਕਿਹਾ ਗਿਆ ਕਿ ਜੇ ਕੋਈ ਭਿਖੂਆਂ ਨੂੰ ਭੋਜਨ ਨਹੀਂ ਛਕਾਏਗਾ ਤਾਂ ਮਰਨ ਤੋਂ ਬਾਅਦ ਅਗਲੇ ਜਨਮ ਵਿਚ ਪ੍ਰੇਤ ਰੂਪ ਧਾਰਨ ਕਰੇਗਾ। ਇਸਧਾਰਨਾ ਨੂੰ ਮੁੱਖ ਰੱਖ ਕੇ ਬੋਧੀਆਂ ਵਿਚ ਭਿਖੂਆਂ ਨੂੰ ਭੋਜਨ ਖਵਾਉਣ ਦੀ ਪ੍ਰਥਾ ਪ੍ਰਚਲਿਤ ਹੋ ਗਈ। ਬੋਧੀ ਭਿਖੂ ਦੀ ਮੌਤ ਤੇ ਵਿਸ਼ੇਸ਼ ਸਤਿਕਾਰ ਸਹਿਤ ਸਮੂਹ ਬੋਧੀ ਇਕੱਤਰ ਹੋ ਕੇ ਸੰਸਕਾਰ ਕਰਦੇ ਹਨ। ਭਿਖੂ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਮਰਨ ਤੋਂ ਬਾਅਦ ਉਸ ਨੂੰ ਨਿਰਵਾਣ ਦੀ ਪ੍ਰਾਪਤੀ ਹੋ ਗਈ ਹੈ ਜਿਸ ਕਾਰਨ ਉਹ ਦੁਬਾਰਾ ਪੁਨਰ-ਜਨਮ ਵਿਚ ਨਹੀਂ ਆਉਂਦਾ।